ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ

ਜਿਲਦ : 119 | ਅੰਕ : 120 | ਜੁਲਾਈ 2023 | ਭੇਟਾ - 10/- ਰੁਪੈ

## ਦਸਤਾਰ ਬੰਦੀ ਦੀ ਰਸਮ ਉਪਰੰਤ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਵੱਲੋਂ ਸ੍ਰੀ ਅਕਾਲ ਤੱਖਤ ਸਾਹਿਬ ਅਤੇ ਸਿੰਘ ਸਾਹਿਬ ਜਥੇਦਾਰ ਸੁਲਤਾਨ ਸਿੰਘ ਜੀ ਨੇ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਕੀਤੀ ਆਰੰਭ ਦੀਵਾਨ ਸਮੇਤ ਸਿੱਖ ਪੰਥ ਦੀਆਂ ਸਮੂਹ ਧਾਰਮਿਕ ਤੇ ਰਾਜਸੀ ਸੰਸਥਾਵਾਂ, ਟਕਸਾਲਾਂ ਤੇ ਸਭਾਵਾਂ ਵੱਲੋਂ ਦਸਤਾਰਾਂ ਭੇਂਟ



ਪਰੰਪਰਾਗਤ ਦਸਤਾਰ ਬੰਦੀ ਦੀਆਂ ਰਸਮਾਂ ਉਪਰੰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਕੀਤੇ ਸਿੱਖ ਪੰਥ ਦੀ ਸਰਬ-ਉਚ ਸੰਸਥਾ ਸ੍ਰੀ ਅਕਾਲ ਤੱਖਤ ਸਾਹਿਬ ਜੀ ਦੇ ਸਤਿਕਾਰਤ ਅਹੁਦੇ ਜਥੇਦਾਰ ਵਜੋਂ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਨੇ ਅਤੇ ਖਾਲਸੇ ਦੀ ਸਿਰਜਨਾ ਵਾਲੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸਤਿਕਾਰਤ ਪਦਵੀ ਸਿੰਘ ਸਾਹਿਬ ਜਥੇਦਾਰ ਸੁਲਤਾਨ ਸਿੰਘ ਜੀ ਨੇ ਬਤੌਰ ਕਾਰਜਕਾਰੀ ਜਥੇਦਾਰ ਵਜੋਂ ਸੰਭਾਲਦਿਆਂ ਸੇਵਾ ਕਾਰਜ ਆਰੰਭ ਕਰ ਦਿੱਤਾ ਹੈ। ਸੇਵਾ ਕਾਰਜ ਆਰੰਭ ਕਰਨ ਤੋਂ ਪਹਿਲਾਂ ਦੋਵੇਂ ਸਿੰਘ ਸਾਹਿਬਾਨਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੁੰਦਿਆਂ ਸ਼ੁਕਰਾਨੇ ਦੀ ਅਰਦਾਸ ਕਰਦਿਆਂ ਅਸੀਸ ਪ੍ਰਾਪਤ ਕੀਤੀ।

ਦਸਤਾਰਬੰਦੀ ਦੇ ਸਮਾਗਮਾਂ ਵਿਚ ਸਭ ਤੋ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਹੈਡ ਗ੍ਰੰਥੀ ਸਾਹਿਬਾਨਾਂ ਵੱਲੋਂ ਦਸਤਾਰਾਂ ਭੇਂਟ ਕਰਨ ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਸਮੇਤ ਸਿੱਖ ਪੰਥ ਦੀਆਂ ਸਮੂਹ ਟਕਸਾਲਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਰਾਗੀ ਸਿੰਘਾਂ ਅਤੇ ਸਿੱਖ ਪੰਥ ਨਾਲ ਸੰਬੰਧਤ ਸਮੂਹ ਧਾਰਮਿਕ ਅਤੇ ਰਾਜਸੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਤਿਕਾਰ ਵਜੋਂ ਸਿੰਘ ਸਾਹਿਬਾਨਾਂ ਨੂੰ ਦਸਤਾਰਾਂ ਭੇਂਟ ਕੀਤੀਆਂ ਗਈਆਂ।

ਦੀਵਾਨ ਵੱਲੋਂ ਵਧਾਈ : ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦੀ








ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਵੇਂ ਜਥੇਦਾਰ ਵਜੋਂ ਅਤੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਦੀ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਵਜੋਂ ਨਵ-ਨਿਯੁਕਤੀ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵ-ਨਿਯੁਕਤ ਜਥੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੀਰੀ ਪੀਰੀ ਸਿਧਾਂਤ ਦੇ ਆਰੰਭਕ ਸਿੱਖ ਕੌਮ ਦੇ ਸਰਵ-ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦਾ ਅਹੁਦਾ ਸਿੱਖ ਧਰਮ ਦੇ ਸਿਰਮੌਰ ਅਹੁਦਿਆਂ ਵਿਚੋ ਇਕ ਹੈ ਜੋ ਕਿ ਸਮੁੱਚੀ ਸਿੱਖ ਕੌਮ ਨੂੰ ਪ੍ਰੇਰਨਾ ਅਤੇ ਅਗਵਾਈ ਦਿੰਦਾ ਹੈ। ਇਸ ਦਾ ਇਤਿਹਾਸ ਬਹੁਤ ਸ਼ਾਨਾਮਤਾ ਅਤੇ ਸੁਨਹਿਰੀ ਹੈ। ਉਹਨਾਂ ਨੇ ਆਸ ਪ੍ਰਗਟ ਕੀਤੀ ਕਿ ਨਵੇਂ ਜਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ ਅਤੇ ਰੋਸ਼ਨੀ ਵਿਚ ਨਿਰੋਲ ਪੰਥਕ ਰਿਵਾਇਤਾਂ ਅਨੁਸਾਰ ਫੈਸਲੇ ਲੈਣਗੇ ਅਤੇ ਪੰਥ ਦੀ ਚੜ੍ਹਦੀ ਕਲਾ, ਸਿੱਖੀ ਪ੍ਰਚਾਰ-ਪ੍ਰਸਾਰ ਪ੍ਰਚੰਡ ਕਰਨ, ਕੌਮ ਨੂੰ ਦਰਪੇਸ਼ ਸਮਸਿਆਵਾਂ ਤੇ ਪੰਥਕ ਮਸਲਿਆਂ ਨੂੰ ਹੱਲ ਕਰਨ ਅਤੇ ਵਿਸ਼ਵ ਭਰ ਵਿਚ ਖਾਲਸਾਈ ਨਿਸ਼ਾਨ ਸਾਹਿਬ ਦੀ ਸ਼ਾਨ ਨੂੰ ਬੁਲੰਦ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣਗੇ।

ਇਸੇ ਤਰ੍ਹਾਂ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਸ੍ਰ.ਅਜੀਤ ਸਿੰਘ ਬਸਰਾ ਨੇ ਨਵ-ਨਿਯੁਕਤ ਦੋਵਾਂ ਜਥੇਦਾਰਾਂ ਨੂੰ ਇਹਨਾਂ ਉੱਚ ਪੱਦਵੀਆਂ ਲਈ ਵਧਾਈ ਦਿੰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨੂੰ ਸਿੱਖੀ-ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਵਧੇਰੇ ਪ੍ਰਚੰਡ ਕਰਨ ਲਈ ਬੇਨਤੀ ਕੀਤੀ।

ਨਿੱਜੀ ਰੂਪ ਵਿਚ ਵਧਾਈ: ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਨਵ-ਨਿਯੁਕਤ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਵਧਾਈ ਦੇਣ ਉਹਨਾਂ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਸਮੁੱਚੇ ਅਹੁਦੇਦਾਰਾਂ ਵੱਲੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਸਨਮਾਨਿਤ ਕੀਤਾ।



# ਸੰਪਾਦਕੀ

## ਸਿੱਖੀ ਤਾਰਕਾ ਮੰਡਲ ਦੀਆਂ ਜੂਨ ਮਹੀਨੇ ਵਿਚ ਵਾਪਰੀਆਂ ਅਭੁੱਲ ਯਾਦਾਂ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜੂਨ ਮਹੀਨੇ ਵਿਚ ਵਾਪਰੀਆਂ ਸਿੱਖੀ ਜੀਵਨ ਨਾਲ ਸੰਬੰਧਤ ਅਭੁੱਲ ਯਾਦਾਂ ਨੂੰ ਵਿਸ਼ਵਭਰ ਦੀਆ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਸਿੱਖ ਪਰੰਪਰਾਵਾਂ ਅਨੁਸਾਰ ਯਾਦਗਾਰੀ ਸਮਾਗਮ ਕੀਤੇ। ਇਨ੍ਹਾਂ ਅਭੁੱਲ ਯਾਦਾਂ ਵਿਚ ਪ੍ਰਮੁੱਖ ਹਨ ਜੂਨ 84 ਦਾ ਤੀਜਾ ਘਲੂਘਾਰਾ, ਭਾਈ ਵੀਰ ਸਿੰਘ ਜੀ ਦੀ 66ਵੀਂ ਬਰਸੀ, ਸ਼ਹਾਦਤ ਬਾਬਾ ਬੰਦਾ ਸਿੰਘ ਬਹਾਦਰ ਬਰਸੀ ਮਹਾਰਾਜਾ ਰਣਜੀਤ ਸਿੰਘ ਆਦਿ।

ਜੂਨ 84 ਦਾ ਤੀਜਾ ਘਲੂਘਾਰਾ: ਸਿੱਖ ਇਤਿਹਾਸ ਵਿਚ ਕਾਹਨੂਵਾਲ ਛੰਬ ਵਿਚ ਹੋਏ ਘਮਸਾਨ ਦੇ ਯੁੱਧ ਨੂੰ ਛੋਟਾ ਘਲੂਘਾਰਾ ਵਜੋਂ ਅਤੇ ਕੁਪਰ ਹੀੜੇ ਦੇ ਮੈਦਾਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਹੋਏ ਸਿੰਘਾਂ ਦੇ ਖੂਨੀ ਯੁੱਧ ਨੂੰ ਵੱਡਾ ਘਲੂਘਾਰਾ ਵਜੋਂ ਯਾਦ ਕੀਤਾ ਜਾਂਦਾ ਹੈ। ਇਹਨਾਂ ਦੋਵਾਂ ਘਲੂਘਾਰਿਆਂ ਦੇ ਹਮਲਾਵਰ ਤਾਂ ਵਿਦੇਸ਼ੀ ਮੂਲ ਦੇ ਸਨ ਪਰ ਮੁਕਾਬਲਾਂ ਕਰਨ ਵਾਲੇ ਸਿੰਘ ਦੇਸੀ ਮਿੱਟੀ ਦੇ ਸਨ। ਜੂਨ 84 ਦਾ ਘਲੂਘਾਰਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਕਰਾਉਣ ਦੀ ਮਾਸਟਰਮਾਈਂਡ ਸਮਕਾਲ ਦੀ ਪ੍ਰਧਾਨ ਮੰਤਰੀ ਬੀਬੀ ਇੰਦਰਾ ਗਾਂਧੀ ਸੀ। ਇਸ ਘਲੂਘਾਰੇ ਵਿਚ ਫੌਜ਼ ਦੇ ਹਥੋਂ ਨਿਹਥੇ ਹਜ਼ਾਰਾਂ ਸਿੰਘ, ਸਿੰਘਣੀਆਂ ਤੇ ਬੱਚੇ ਸ਼ਹੀਦ ਹੋਏ ਜੋ ਭਾਰਤੀ ਮੂਲ ਦੇ ਸਨ। ਕਮਾਲ ਦੀ ਗਲ ਇਹ ਹੈ ਇਹਨਾਂ ਘਲੂਘਾਰਿਆਂ ਦੇ ਸਾਰੇ ਹਮਲਾਵਰ ਬਹੁਤ ਹੀ ਦਰਦਨਾਕ ਭਿਆਨਕ ਮੌਤ ਦੇ ਅਜਿਹੇ ਸ਼ਿਕਾਰ ਹੋਏ ਕਿ ਉਨ੍ਹਾਂ ਨੂੰ ਹੁਣ ਤਕ ਢੋਈ ਨਸੀਬ ਨਹੀਂ ਹੋਈ।

ਬਰਸੀ ਭਾਈ ਵੀਰ ਸਿੰਘ ਜੀ: ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਅਤੇ ਗੁਰਮਤਿ ਸਾਹਿਤ ਤੇ ਇਤਿਹਾਸ ਨੂੰ ਸਮਕਾਲ ਦੀਆਂ ਲੋੜਾਂ ਅਨੁਸਾਰ ਪ੍ਰਚਾਰਨ, ਪ੍ਰਸਾਰਨ ਤੇ ਸਿੱਖ ਸੰਸਥਾਵਾਂ ਨੂੰ ਉਸਾਰਨ ਵਾਲੇ 85 ਸਾਲਾ ਭਾਈ ਵੀਰ ਸਿੰਘ ਜੀ ਦੀ 66ਵੀਂ ਬਰਸੀ ਵੀ ਹਰ ਸਾਲ ਦੀ ਤਰ੍ਹਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਭਾਈ ਵੀਰ ਸਿੰਘ ਨਿਵਾਸ ਅੰਮ੍ਰਿਤਸਰ ਅਤੇ ਵਿਸ਼ਵ ਭਰ ਦੀਆਂ ਪੰਜਾਬੀਅਤ ਨਾਲ ਜੁੜੀਆਂ ਸੰਸਥਾਵਾਂ ਨੇ ਮਨਾਈ। ਸਾਹਿਤ ਸਦਨ ਦਿਲੀ ਵਲੋਂ ਮਨਾਈ ਗਈ 66ਵੀਂ ਬਰਸੀ ਦੇ ਇਸ ਅਵਸਰ ਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਬਾਬਾ ਬੰਦਾ ਸਿੰਘ ਬਹਾਦਰ: ਬੰਦਾ ਸਿੰਘ ਬਹਾਦਰ ਇਕ ਅਜਿਹਾ ਮਹਾਨ ਜਰਨੈਲ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਇਕ ਵਿਸ਼ਾਲ ਮੁਗਲ ਸਮਰਾਜ ਨਾਲ ਟੱਕਰ ਲੈ ਕੇ ਉਸ ਤੇ ਜਿੱਤ ਪ੍ਰਾਪਤ ਕੀਤੀ ਸੀ। ਉਸਨੇ ਮੁਗਲਾਂ ਦਾ ਇਹ ਭਰਮ ਨਵਿਰਤ ਕਰ ਦਿੱਤਾ ਸੀ ਕਿ ਉਹਨਾਂ ਨੂੰ ਕੋਈ ਜਿੱਤ ਨਹੀਂ ਸਕਦਾ। ਮੁਗਲਾਂ ਤੇ ਬੰਦਾ ਸਿੰਘ ਬਹਾਦਰ ਦੀ ਜਿੱਤ ਨੇ ਇਹ ਵੀ ਸਾਬਿਤ ਕਰ ਦਿੱਤਾ ਸੀ ਕਿ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲੈਣ ਲਈ ਗੁਰੂ ਦੀ ਬਖ਼ਸ਼ਿਸ਼ ਹੀ ਕਾਫ਼ੀ ਹੈ। ਉਸ ਸਮੇਂ ਇਹ ਮੰਨਿਆ ਜਾਂਦਾ ਸੀ ਕਿ ਜਿਸ ਵੀ ਫ਼ੌਜ਼ ਦਾ ਆਗੂ ਯੁੱਧ ਵਿਚ ਮਾਰਿਆ ਜਾਵੇ ਜਾਂ ਦੁਸ਼ਮਣ ਦੇ ਹੱਥ ਆ ਜਾਵੇ ਤਾਂ ਸਮੁੱਚੀ ਫ਼ੌਜ਼ ਆਪਣੀ ਹਾਰ ਕਬੂਲ ਕਰ ਲੈਂਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅਜਿਹੇ ਜਰਨੈਲ ਬਣਾਇਆ ਸੀ ਜਿਸ ਦੇ ਇਕ ਆਗੂ ਦੀ ਸ਼ਹਾਦਤ ਨਾਲ ਯੁੱਧ ਦੀ ਜਿੱਤ-ਹਾਰ ਦਾ ਨਿਰਣਾ ਕਰਨਾ ਸੰਭਵ ਨਹੀਂ ਸੀ ਕਿਉਂਕਿ ਹਰ ਇਕ ਸਿੱਖ ਆਖ਼ਰੀ ਸਵਾਸ ਤੱਕ ਦੁਸ਼ਮਣ ਨਾਲ ਲੋਹਾ ਲੈਂਦਾ ਸੀ ਅਤੇ ਸ਼ਹੀਦ ਹੋਣ ਨੂੰ ਉਹ ਗੁਰੂ ਦੀ ਬਖ਼ਸ਼ਿਸ਼ ਸਦਕਾ ਪੁੰਨ ਕਰਮ ਸਮਝਦਾ ਸੀ। 1710 ਈ.ਨੂੰ ਸ਼ਹਾਦਤ ਪ੍ਰਾਪਤ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਬਰਸੀ ਵੀ ਇਸੇ ਜੂਨ ਦੇ ਮਹੀਨੇ ਹੈ।

ਮੀਰੀ ਪੀਰੀ ਦਿਵਸ ਪਾ.ਛੇਵੀਂ : ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗਦੀ ਦੀ ਰਸਮ ਸਮੇਂ ਸੇਹਲੀ ਟੋਪੀ ਤੇ ਮਾਲਾ ਪਾਉਣ ਦੀ ਥਾਂ ਤੇ ਛੇਵੇਂ ਗੁਰੂ ਨੇ ਕ੍ਰਾਂਤੀਕਾਰੀ ਤਬਦੀਲੀ ਲਿਆ ਕੇ ਬਾਬਾ ਬੁੱਢਾ ਜੀ ਨੂੰ ਕਿਰਪਾਨ ਪਹਿਨਾਉਣ ਲਈ ਆਖਿਆ ਜੋ ਕਾਹਲੀ ਨਾਲ ਸਜੇ ਪਾਸੇ ਪਹਿਨਾਈ ਗਈ। ਪਰ ਜਦੋਂ ਬਾਬਾ ਬੁੱਢਾ ਜੀ ਕਿਰਪਾਨ ਖੱਬੇ ਪਾਸੇ ਪਹਿਨਾਉਣ ਲਈ ਉਤਾਰਨ ਲਗੇ ਤਾਂ ਗੁਰੂ ਸਾਹਿਬ ਨੇ ਰੋਕ ਦਿੱਤਾ ਅਤੇ ਇਕ ਹੋਰ ਕਿਰਪਾਨ ਖਬੇ ਪਾਸੇ ਪਹਿਨਾਉਣ ਲਈ ਆਖਿਆ। ਗੁਰੂ ਸਾਹਿਬ ਨੇ ਫੁਰਮਾਨ ਕੀਤਾ ਕਿ ਹੁਣ ਇਹ ਦੋ ਤਲਵਾਰਾਂ ਮੀਰੀ ਤੇ ਪੀਰੀ ਦਾ ਕਾਰਜ ਕਰਨਗੀਆਂ। ਇਸ ਤਰ੍ਹਾਂ ਮੀਰੀ ਤੇ ਪੀਰੀ ਅਤੇ ਸੰਤ ਸਿਪਾਹੀ ਦੇ ਸਿਧਾਂਤ ਦੀ ਆਰੰਭਤਾ ਹੋਈ।

ਬਰਸੀ ਮਹਾਰਾਜਾ ਰਣਜੀਤ ਸਿੰਘ: ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਅਜਿਹੇ ਦਮਖਮ ਵਾਲਾ ਸੀ ਕਿ ਉਸਦੇ ਜੀਵਨ-ਕਾਲ ਵਿਚ ਕੋਈ ਵਿਦੇਸ਼ੀ ਹਮਲਾਵਰ ਪੰਜਾਬ ਦੀ ਧਰਤੀ ਤੇ ਪੈਰ ਨਹੀਂ ਸੀ ਜਮ੍ਹਾਂ ਸਕਿਆ। ਉਹਨਾਂ ਵੱਲੋਂ ਜਾਰੀ ਨਾਨਕਸ਼ਾਹੀ ਸਿਕਾ ਆਪਣੇ ਸਮੇਂ 10 ਪੌਂਡ ਜਿੰਨੀ ਆਰਥਿਕ ਸਮਰਥਾ ਰੱਖਦਾ ਸੀ। ਅੰਗ੍ਰੇਜ਼ਾਂ ਦੇ ਸੂਹੀਆਂ ਦੀਆਂ ਖੁਫ਼ੀਆਂ ਰਿਪੋਰਟ ਦਸਦੀਆਂ ਹਨ ਕਿ ਉਹ ਅੰਗ੍ਰੇਜ਼ ਹਾਕਮਾਂ ਨੂੰ ਪੰਜਾਬ ਵਲ ਕਦਮ ਪੁੱਟਣ ਦੀ ਗਲਤੀ ਨਾ ਕਰਨ ਲਈ ਸੁਚੇਤ ਕਰਦੇ ਰਹਿੰਦੇ ਸਨ। ਸ਼ੇਰੇ ਪੰਜਾਬ ਦੇ ਰਾਜ-ਕਾਲ ਵਿਚ ਕੋਈ ਭੁਖਾ ਨਹੀਂ ਸੀ ਰਹਿੰਦਾ, ਨਾ ਉਸਦੇ ਰਾਜ-ਕਾਲ ਵਿਚ ਕਿਸੇ ਨੂੰ ਫਾਂਸੀ ਜਾਂ ਮੌਤ ਦੀ ਸਜਾ ਹੋਈ। ਹਰੇਕ ਵਿਅਕਤੀ ਨੂੰ ਆਪੋ-ਆਪਣੇ ਧਰਮ-ਕਰਮ ਅਨੁਸਾਰ ਰੀਤੀ ਰਿਵਾਜ਼ ਕਰਨ ਦੀ ਪੂਰੀ ਅਜ਼ਾਦੀ ਸੀ ਪਰ ਕਿਸੇ ਦੂਸਰੇ ਧਰਮ ਦੀ ਅਵਗਿਆ ਕਰਨ ਦੀ ਇਜ਼ਾਜ਼ਤ ਨਹੀਂ। ਹਰ ਗੁਰੂ ਘਰਾਂ ਵਿਚ ਕਾਇਦਾ-ਏ-ਨੂਰ ਰਾਹੀਂ ਪੰਜਾਬੀ ਦੀ ਪੜ੍ਹਾਈ ਲਿਖਾਈ ਦਾ ਵਿਸ਼ੇਸ਼ ਪ੍ਰਬੰਧ ਕਰਨਾ ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ੇਸ਼ ਉਪਰਾਲਾ ਸੀ ਜਿਸ ਨੂੰ ਬਾਅਦ ਵਿਚ ਅੰਗਰੇਜ਼ਾਂ ਦੀ ਕੁਟਲ ਨੀਤੀ ਨੇ ਸਮਾਪਤ ਕੀਤਾ।

ਮਹਾਨ ਦੇਸ਼ ਭਗਤ ਸ਼ਹੀਦ ਊਧਮ ਸਿੰਘ ਦੀ ਬਰਸੀ ਅਤੇ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ 138ਵਾਂ ਜਨਮ ਦਿਨ ਵੀ ਜੂਨ ਮਹੀਨੇ ਦਾ ਹੀ ਹੈ। ਸੰਗਤਾਂ ਵਲੋਂ ਮਾਨਾਈਆਂ ਗਈਆਂ ਇਹ ਅਭੁਲ ਯਾਦਗਾਰਾਂ ਸਿੱਖ ਪੰਥ ਨੂੰ ਗੁਰ-ਸਿਧਾਤਾਂ ਅਤੇ ਗੁਰ-ਮਰਿਆਦਾ ਅਨੁਸਾਰ ਜੀਵਨ ਬਣਾਉਣ ਲਈ ਪ੍ਰੇਰਨਾ ਸਰੋਤ ਹਨ। ਲੋੜ੍ਹ ਹੈ ਇਹਨਾਂ ਅਭੁਲ ਯਾਦਾਂ ਨੂੰ ਠੀਕ ਪ੍ਰਸੰਗ ਵਿਚ ਸਮਝਣ ਤੇ ਸਮਝਾਉਣ ਦੀ।

**ਜਸਬੀਰ ਸਿੰਘ ਸਾਬਰ**
**ਮੁੱਖ ਸੰਪਾਦਕ**

ਸਰਪ੍ਰਸਤ: ਡਾ ਇੰਦਰਬੀਰ ਸਿੰਘ ਨਿਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180
ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

ਸਲਾਹਕਾਰ :
ਸ੍ਰ.ਅਮਰਜੀਤ ਸਿੰਘ ਵਿਕਰਾਂਤ, ਸ੍ਰ.ਜਗਜੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਅੰਮ੍ਰਿਤਪਾਲ ਸਿੰਘ ਚਾਵਲਾ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ਨੇਕੀ ਕਰਨੀ

ਨੇਕੀ ਕਰਨੀ ਨੇਕੀ ਕਰਨੀ
ਬਾਣ ਧੁਰਾਂ ਨੇ ਪਾਈ,
ਬਦੀ ਕਰਨ ਦੀ ਜਾਚ, ਸੁਹਣਿਆਂ।
ਤੈਂ ਖ਼ਬਰੇ ਨਾ ਆਈ।
ਗੰਨਾ, ਦੇਖ ਨਪੀੜਿਆ ਜਾਂਦਾ
ਦਾਨ ਮਿਠਾਈ ਕਰਦਾ,
ਚੰਦਨ, ਦੇਖ ਕੁਹਾੜੇ ਨੂੰ ਬੀ
ਛੁਹ ਸੁਗੰਧਿ ਦੀ ਲਾਈ।

### ਨਿੰਦਿਆ

ਜਦ ਤੋਂ ਕੰਮ ਜਗਤ ਦੇ ਚਾਏ
ਕੀ ਪੱਲੇ ਪਯਾ ਤੇਰੇ?
ਨਿੰਦਿਆ ਹੇਠਾਂ, ਨਿੰਦਿਆ ਉਤੇ
ਨਿੰਦਿਆ ਚਾਰ ਚੁਫੇਰੇ।
ਘਾਬਰ ਨਾ, ਪਾ ਪੈਰੀਂ ਇਸ ਨੂੰ,
ਜਿਉਂ ਪੇੜ ਖਾਦ ਨੂੰ ਰੱਖੇ,
ਲੈ ਖ਼ੁਰਾਕ ਦਾ ਕੰਮ ਏਸ ਤੋਂ,
ਤੈਨੂੰ ਖੇੜੇ ਪੈਣ ਵਧੇਰੇ।





### ਭਾਈ ਵੀਰ ਸਿੰਘ ਜੀ ਦੀ ਕਲਮ ਤੋ ...............

# ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।



ਅਸਲ ਵਿਚ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਨੂਰਾਨੀ ਰੂਹ, ਪਵਿੱਤਰ ਲਿਸ਼ਕਾਂ ਦੇ ਪਰਸਾਰਨ ਵਾਲੀ ਤੇ ਪਵਿੱਤਰ ਰੋਸ਼ਨੀਆਂ ਦੇ ਰੂਪ ਨੂੰ ਦਰਸਾਉਣ ਵਾਲੀ ਹੈ। ਉਸ ਦੀ ਰਹਿਮਤ ਦੀ ਤੇਜ਼ ਰੋਸ਼ਨੀ, ਸੰਸਾਰ ਵਾਸੀਆਂ ਨੂੰ ਚਾਨਣਾ ਦੇਣ ਵਾਲੀ ਅਤੇ ਉਸ ਦੀ ਵਡਿਆਈ ਦਾ ਚਾਨਣ, ਹਨੇਰੇ ਵਿਚ ਰਹਿਣ ਵਾਲਿਆਂ ਦਾ ਹਨੇਰਾ ਦੂਰ ਕਰਨ ਵਾਲੀ ਹੈ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਸ਼ਖ਼ਸੀਅਤ ਇਨਸਾਨੀ ਨੁਕਤੇ ਤੋਂ ਬੀ ਕਮਾਲ ਦੀ ਹੈ। ਕਿਤਨੇ ਅਸਹਿ ਦੁੱਖ ਅਤੇ ਵਿਛੋੜੇ ਆਪਨੇ ਦੇਖੇ ਹਨ:-

ਬਚਪਨ ਵਿਚ ਸੱਪ, ਜ਼ਹਿਰ, ਸੀਤਲਾ ਦੇ ਕਸ਼ਟ, ਬਚਪਨ ਵਿਚ ਹੀ ਪਿਤਾ ਜੀ ਦੇ ਖੇਦ ਅਤੇ ਵਿਛੋੜਾ, ਫਿਰ ਗਵਾਲੀਅਰ ਦੀ ਬੰਦੀ ਫਿਰ ਯੁੱਧਾਂ ਜੰਗਾਂ ਦੇ ਸਾਹਮਣੇ, ਦੋਹਾਂ ਯੁੱਧਾਂ ਵਿਚ ਚੋਣਵੇਂ ਪਿਆਰਿਆਂ, ਅਨਿੰਨ ਗੁਰ ਪ੍ਰੇਮੀਆਂ ਅਤੇ ਮੇਹਨਤਾਂ ਨਾਲ ਸਿੱਖਾਂ ਕੇ ਬਲੀ ਕੀਤੇ ਰਣ ਵਿਦਿਆ ਦੇ ਜਾਣਕਾਰ ਸੂਰਮਿਆਂ ਦੇ ਬਿਰਹੇ ਦੇਖੇ ਅਤੇ ਝੱਲੇ ਹਨ।

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਵਰਗੀਆ ਅਨਮੋਲ ਅਤੇ ਕੀਮਤੀ ਜ਼ਿੰਦਗੀਆਂ ਅਤੇ ਅਤਿ ਪਿਆਰ-ਨੁਛਾਵਰੀ ਹਸਤੀਆਂ ਦੇ ਬਿਰਹੇ ਦੇਖੇ।

ਪਿਆਰੀ, ਪਤਿਬ੍ਰਤਾ, ਘੋਲ ਘੁਮਾਏ ਜਾਣ ਵਾਲੀ ਸਾਲੀ (ਬੀਬੀ ਰਾਮੋ) ਅਤੇ ਸਾਂਢੂ (ਭਾਈ ਸਾਈ ਦਾਸ ਜੀ ) ਸੱਸ (ਮਾਤਾ ਪ੍ਰੇਮ ਦੇਈ) ਅਤੇ ਸਹੁਰਾ (ਭਾਈ ਨਰਾਇਣ ਦਾਸ ਜੀ) ਕਿਤਨਾ ਪਿਆਰ ਦਾ ਪਰਵਾਰ ਅਲਪ ਸਮੇਂ ਵਿਚ ਹੀ ਸੰਸਾਰ ਯਾਤਰਾ ਸੰਪੂਰਨ ਕਰ ਜਾਂਦਾ ਹੈ। ਇਕ ਪਾਸੇ ਤਾਂ ਆਪ ਦੀ ਇਹ ਦ੍ਰਿਸ਼ਟੀ ਹੈ:-

ਮਿਲਿਬੇ ਤ ਹਰਖਹਿ ਨਹਿ ਗਿਆਨੀ। ਬਿਛੁਰੇ ਸ਼ੋਕ ਨ ਦੁਖ ਕੋ ਜਾਨੀ ।

ਦੂਜੇ ਪਾਸੇ ਪਿਆਰ ਅਤੇ ਪ੍ਰੇਮ-ਦ੍ਰਵਤਾ ਦਾ ਉਹ ਕਮਾਲ ਹੈ ਕਿ ਭਾਈ ਸਾਈਂ ਦਾਸ ਦੇ ਸੱਚਖੰਡ ਪਯਾਨੇ ਉਪਰ ਫੁਰਮਾਉਂਦੇ ਹਨ:-

ਬਸਿਬੋ ਇਸ ਥਲ ਮੋਹਿ ਨ ਪਾਵੇ। ਸਾਂਈ ਦਾਸ ਦ੍ਰਿਸ਼ਟਿ ਨਾ ਆਵੇ।

ਇਹ ਪਿਆਰ ਦੇ ਡੂੰਘਾਣ, ਇਹ ਅੰਦਰਲੇ ਦੀ ਪੰਘਰ ਇਨੀ ਗਹਿਰੀ ਹੈ ਕਿ ਹੁਕਮ ਦੇਂਦੇ ਹਨ: ਸਵੇਰੇ ਹੀ ਕੂਚ ਕਰੋ।

ਤੀਸਰਾ ਕਮਾਲ: ਧਾਰੇ ਫਰਜ਼ਾਂ ਦੇ ਨਿਰਬਾਹ ਦਾ ਹੈ। (ਭਾਈ ਸਾਈਂ ਦਾਸ ਦੇ ਵਿਛੋੜੇ ਲਗਨ ਦੇ ਪ੍ਰੇਰੇ ਇਕਦਮ ਦੁੱਖਾਂ ਵਲ ਰੁਖ ਕਰਦੇ ਹਨ। ਜਿਥੇ ਕਿ ਜ਼ਿੰਮੇਵਾਰੀ, ਅਤਿ ਕਰੜੀ ਜ਼ਿੰਮੇਵਾਰੀ ਖੁਰਦਰਾ ਜੀਵਨ, ਜੰਗਲ ਜੰਗਲ ਦੀਆਂ ਮੁਸ਼ਕਲਾਂ ਅਤੇ ਖੇਦਾਂ ਦਾ ਸਾਹਮਣਾ ਹੈ। ਪਰ ਇਹ ਅਚਰਜ ਵਿਅਕਤੀ, ਕਿਸ ਸੁੰਦਰਤਾ ਨਾਲ, ਇਸ ਆਪਣੇ ਕਠਨ ਤੋਂ ਕਠਨ ਫਰਜ਼ ਨੂੰ ਨਿਭਾਉਣ ਵਾਸਤੇ ਖੁਸ਼ਖੁਸ਼ਾ ਅਰ ਜ਼ਿੰਮੇਵਾਰੀ ਦੀ ਪੂਰੀ ਲਖੱਤਾ ਨਾਲ ਉਠ ਟੁਟਦੀ ਹੈ।

ਹੁਣ ਦਸਤਾਰ ਬੰਦੀ ਹੋਣੀ ਸੀ। ਮਸੰਦਾਂ ਨੇ ਸੇਲੀ ਟੋਪੀ ਅਗੇ ਲਿਆ ਰਖੀ। ਸ੍ਰੀ ਗੁਰੂ ਜੀ ਨੇ ਬਾਬਾ ਬੁੱਢਾ ਜੀ ਵੱਲ ਤੱਕ ਕੇ ਫੁਰਮਾਯਾ ਕਿ ਹੁਣ ਸੇਲੀ ਟੋਪੀ ਦਾ ਸਮਾਂ ਨਹੀ। ਹੁਣ ਸਮਾਂ ਸ਼ਸਤ੍ਰਾ ਦਾ ਆ ਗਿਆ ਹੈ। ਤਦ ਪਹਿਲਾਂ ਦਸਤਾਰ ਬੰਦੀ ਹੋਈ। ਫਿਰ ਦਸਤਾਰ ਵਿਚ ਕਲਗੀ ਲਗਾਈ। ਫੇਰ ਭਾਈ ਬੁੱਢਾ ਜੀ ਨੇ ਤਲਵਾਰ ਪਹਿਨਾਈ। ਉਹ ਸਜੇ ਪਾਸੇ ਪਹਿਨਾਈ ਗਈ, ਜਦ ਓਹ ਸਜਿਓ ਲਾਹ ਕੇ ਖਬੇ ਕਰਨ ਲਗੇ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਯਾ: ਰਹਿਣ ਦਿਓ, ਪਹਿਨੀ ਨਾ ਉਤਾਰੋ, ਇਹ ਤੇਗ ਪੀਰੀ ਦੀ ਰਹੀ, ਮੀਰੀ ਦੀ ਖਬੇ ਪਾਸੇ ਹੋਰ ਪਹਿਨਾ ਦਿਓ। ਇਉਂ ਦੋ ਤੇਗਾਂ ਪਹਿਨੀਆਂ ਗਈਆਂ। ਇਸ ਕਰਕੇ ਆਪ ਜੀ ਨੂੰ ਖੜਗਧਾਰੀ ਤੇ ਮੀਰੀ ਪੀਰੀ ਦੇ ਮਾਲਕ ਪਦਾਂ ਨਾਲ ਯਾਦ ਕੀਤਾ ਜਾਂਦਾ ਹੈ। ਮਤਲਬ ਸ਼ਾਯਦ ਇਹ ਸੀ ਕਿ ਪੀਰੀ ਦੀ ਤਲਵਾਰ ਵੇਖਕੇ ਜੇ ਜਾਲਮ ਸਮਝ ਜਾਣ ਕਿ ਹੁਣ ਇਹ ਲੋਕ ਸਾਥੋਂ ਦਬਣ ਨਹੀਂ ਲਗੇ ਤਾਂ ਸੁਖ, ਜੇ ਨਾ ਸਮਝਣ ਤਾਂ ਖਬੇ ਪਾਸੇ ਦੀ ਤਲਵਾਰ ਮਿਆਨੋ ਨਿਕਲ ਕੇ ਚਮਕੇ ਤੇ ਲੋੜ ਪਈ ਤੇ ਮਜ਼ਲੂਮਾਂ ਦੀ ਰਖਿਆ ਹੇਤ ਮੈਦਾਨ ਵਿਚ ਆ ਜਾਏ ਤੇ ਸ਼ੋਰਯ ਵਿਚ ਮਰ ਜਾਣ ਨੂੰ ਜ਼ਿਲਤ ਦੇ ਜੀਵਨ ਨਾਲੋਂ ਉੱਚਾ ਲਖਾ ਜਾਏ।

ਫਕੀਰਾਂ ਅਤੇ ਸਾਧੂ-ਚੇਲਿਆਂ ਵਿਚ ਬੀਰ ਰਸ ਭਰ ਕੇ ਜੁਝਾਰੂ ਕੌਮ ਬਨਾਉਣੀ, ਨੰਗੇ ਧੜ ਲੜਨਾ ਅਤੇ ਧਰਮ ਹੇਤ ਮਰਨਾ ਸਿਖਾਲ ਕੇ ਸੰਸਾਰ ਨਾਸ਼ਮਾਨਤਾ ਦੀ ਅਸਲੀ ਰੰਗ ਲਾ ਦੇਣਾ, ਫਾਕੇ ਕੜਾਕੇ ਸਹਿ ਕੇ, ਬਿਨ੍ਹਾਂ ਕਿਲੇ, ਕੋਟ, ਦੇਸ਼ ਦੇ, ਇਕ ਧਰਮ ਭਾਵ ਦੀ ਓਟ-ਆਸਰੇ ਲੜਨਾ ਸਿਖਾਉਣਾ।

ਜੰਗ ਚਾਹੇ ਛੋਟੇ, ਚਾਹੇ ਵੱਡੇ, ਚਾਹੇ ਸਰਕਾਰੀ ਸੈਨਾਂ ਨਾਲ, ਚਾਹੇ ਸਰਕਾਰ ਦੇ ਸੂਬੇਦਾਰਾਂ ਯਾ ਅਹਿਲਕਾਰਾਂ ਨਾਲ, ਚਾਹੇ ਟਿਕਾਣੇ ਦੇ ਹਾਕਮਾਂ ਨਾਲ ਕੀਤੇ ਹਨ, ਪਰਜਾ ਵਿਚੋਂ ਅਤੇ ਫਕੀਰੀ ਦੀ ਗੱਦੀ ਤੋਂ ਕੀਤੇ ਹਨ, ਫਤਹ ਪਾਈ ਹੈ।

ਫਿਰ ਨੀਤੀ ਨਿਪੁੰਨਤਾ ਕੈਸੀ ਹੈ, ਪਹਿਲੇ ਜੰਗ ਮਗਰੋਂ ਰਹਿਣ ਦੀਆਂ ਥਾਵਾਂ ਬਦਲਦੇ, ਕੌਤਕ ਕਰਦੇ, ਸਿੱਖੀ ਬੀ ਤੋਰਦੇ, ਆਪਣੇ ਫਰਜ਼ ਪੈਗੰਬਰੀ ਨੂੰ ਪੂਰੀ ਤਰ੍ਹਾਂ ਅਦਾ ਕਰਦੇ, ਪਰਵਾਰਿਕ ਫਰਜ਼ ਨਿਭਾਉਂਦੇ, ਪ੍ਰੇਮ ਦੇ ਰੰਗ ਅਕਹਿ ਰੂਪਾਂ ਵਿਚ ਸਿਰੇ ਚਾੜ੍ਹਦੇ, ਬੀਰ ਰਸੀ ਫਰਜ਼ ਲਈ ਕੀਕੂੰ ਤਤਪਰ ਰਹੇ? ਤਿੰਨ ਹਜ਼ਾਰ (3000) ਸਨਧਬੰਧ ਸੂਰਮੇ ਮੌਤ ਨੂੰ ਮਖ਼ੌਲ ਕਰਨ ਵਾਲੇ ਸਿਰੇ ਚਾੜ੍ਹ ਲਏ ਹਨ। ਫਿਰ ਸਾਰੇ ਖਸਮਾਨੇ ਕਰਕੇ, ਨਿਰਲੇਪ ਅਤੇ ਨਿਰਮੋਹ ਹੋ ਕੇ, ਉਸ ਟਿਕਾਣੇ ਗਏ ਹਨ, ਜਿਥੇ ਦੁਸ਼ਮਨਾਂ ਨੂੰ ਲੜਨਾ ਸੌਖਾ ਨਾ ਹੋਵੇ। ਜਿਸ ਦਿਮਾਗ ਵਿਚ ਇਤਨਾ ਕੁਝ ਫੁਰੇ ਅਤੇ ਇੰਨਾ ਉਹ ਸਿਰੇ ਚਾੜ੍ਹੇ ਅਤੇ ਕਮਾਲ ਕਰ ਦਿਖਾਏ, ਉਹ (ਇਨਸ਼ਾਨੀ ਨੁਕਤਾ ਖਿਆਲ ਤੋ ਬੀ) ਬਹੁਤ ਮਹਾਨ, ਬਹੁਤ ਵਿਸ਼ਾਲ ਅਤੇ ਬਹੁਤ ਹੀ ਕਮਾਲ ਦਾ ਹੈ ਅਤੇ ਉਸਦੇ ਨਾਮ ਲੇਵਿਆਂ ਵਾਸਤੇ ਅਤੇ ਦੇਸ਼ ਵਾਸੀਆਂ ਵਾਸਤੇ ਅਤਿਯੰਤ ਫ਼ਖ਼ਰ ਦਾ ਹੈ, ਜਿਸ ਫ਼ਖ਼ਰ ਨਾਲ ਕਿ ਉਨ੍ਹਾਂ ਵਿਚ ਜੀਵਨ ਰੌ ਸਦਾ ਰੁਮਕਵੀਂ ਅਤੇ ਹੁਲਾਰੇ ਮਾਰਦੀ ਦਸ਼ਾ ਵਿਚ ਰਹਿਣੀ ਚਾਹੀਦੀ ਹੈ।





# ਬਾਲਾ ਪ੍ਰੀਤਮ: ਮਾਨਵਤਾ ਦੇ ਦੁੱਖ ਨਿਵਾਰਨਹਾਰ

**ਜਗਜੀਤ ਸਿੰਘ***

ਸਿੱਖ ਧਰਮ ਦਾ ਗੁਰ-ਇਤਿਹਾਸ, ਇਸ ਪ੍ਰਧਾਨ ਤੱਤ ਨੂੰ ਉਜਾਗਰ ਕਰਦਾ ਹੈ ਕਿ ਅਕਾਲ ਪੁਰਖ ਨਾਲ ਇਕਸੁਰ ਗੁਰੂ ਨਾਨਕ-ਜੋਤਿ ਤੇ ਗੁਰਤਾਗੱਦੀ ਉਪੱਰ ਬਿਰਾਜਮਾਨ ਹੋਣ ਦਾ ਅਧਿਕਾਰ ਕੇਵਲ ਉਸ ਗੁਰਸਿੱਖ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੇ ਗੁਰ-ਹੁਕਮ, ਸੇਵਾ ਅਤੇ ਨਾਮ ਸਿਮਰਨ ਦੀ ਕਰੜੀ ਘਾਲ ਕਮਾਈ ਨਾਲ ਆਪਣੀ ਆਤਮਾ ਨੂੰ ਰੂਹਾਨੀਅਤ ਦੇ ਮਜੀਠ ਰੰਗ ਵਿਚ ਰੰਗ ਲਿਆ ਹੋਵੇ। ਸਿੱਖ ਸੰਸਥਾਵਾਂ ਦੇ ਮੋਢੀ ਭਾਈ ਵੀਰ ਸਿੰਘ ਜੀ ਦਾ ਵੀ ਏਹੋ ਕਥਨ ਹੈ ਕਿ

**ਸਿੱਖੀ ਹੈ ਬਲਵਾਨ ਸੁਰਤਿ ਨੂੰ ਜੋੜਨਾ ।।**

ਏਹੋ ਕਾਰਨ ਹੈ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਅਤੇ ਉਨ੍ਹਾਂ ਦੇ ਉਤਰ ਅਧਿਕਾਰੀ ਗੁਰੂ ਸਾਹਿਬਾਨ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਨੇ ਵੀ ਗੁਰ-ਜੋਤਿ ਆਪਣੇ ਸਪੁਤਰਾਂ ਨੂੰ ਦੇਣ ਦੀ ਥਾਂ ਸੇਵਾ, ਸਿਮਰਨ ਤੇ ਨਿਮਰਤਾ ਦੀ ਪਰਖ-ਕਸਵੱਟੀ ਤੇ ਖਰੇ ਉਤਰੇ ਆਪਣੇ ਸੇਵਕਾਂ ਨੂੰ ਦਿੱਤੀ। ਏਸੇ ਪਰੰਪਰਾ ਦੇ ਅੰਤਰਗਤ ਚੌਥੇ ਗੁਰੂ ਰਾਮਦਾਸ ਜੀ ਨੇ ਆਪਣੇ ਤਿੰਨਾਂ ਪੁੱਤਰਾਂ ਵਿਚੋਂ ਗੁਣਅਧਾਰਤ ਛੋਟੇ ਪੁੱਤਰ ਬਾਬਾ ਅਰਜਨ ਦੇਵ ਨੂੰ ਗੁਰਤਾਗੱਦੀ ਬਖਸ਼ੀ।

ਏਸੇ ਲਹਿਰ ਨੂੰ ਅਗੇ ਤੋਰਿਆ ਗੁਰੂ ਨਾਨਕ-ਜੋਤਿ ਦੇ ਸਤਵੇਂ ਵਾਰਸ ਗੁਰੂ ਹਰਿਰਾਇ ਸਾਹਿਬ ਜੀ ਨੇ, ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਦੀ ਥਾਂ ਉਸ ਤੋਂ 9 ਸਾਲ ਛੋਟੇ ਪੁੱਤਰ ਬਾਬਾ ਹਰਿਕ੍ਰਿਸ਼ਨ ਸਾਹਿਬ ਨੂੰ 6 ਸਾਲ ਦੀ ਉਮਰ ਵਿਚ ਗੁਰੂ-ਨਾਨਕ ਜੋਤਿ ਦੇ ਅਠਵੇਂ ਵਾਰਸ ਬਣਾ ਕੇ ਗੁਰਤਾਗੱਦੀ ਤੇ ਬਿਰਾਜਮਾਨ ਕਰਕੇ।

ਗੌਰਤਲਬ ਹੈ ਕਿ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ 7 ਜੁਲਾਈ 1656 ਈ: ਨੂੰ ਗੁਰੂ ਨਾਨਕ ਜੋਤਿ ਦੇ ਸਤਵੇਂ ਵਾਰਸ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਗ੍ਰਹਿ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਹਰੀਆਵਲੀ ਧਰਤਿ ਕੀਰਤਪੁਰ ਸਾਹਿਬ ਵਿਖੇ ਹੁੰਦਾ ਹੈ। ਬਾਬਾ ਰਾਮ ਰਾਇ ਜੀ ਏਸੇ ਸਥਾਨ ਤੇ 9 ਸਾਲ ਪੂਰਵ ਪ੍ਰਕਾਸ਼ਤ ਹੁੰਦੇ ਹਨ। ਗੁਰੂ ਹਰਿ ਰਾਇ ਸਾਹਿਬ ਜੀ ਦੇ ਪਿਤਾ ਬਾਬਾ ਗੁਰਦਿਤਾ ਜੀ ਸਨ ਤੇ ਦਾਦਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਿਨ੍ਹਾਂ ਦੇ ਵੱਡੇ ਸਪੁੱਤਰ ਸਨ ਬਾਬਾ ਗੁਰਦਿਤਾ ਜੀ। ਬਾਬਾ ਗੁਰਦਿਤਾ ਜੀ ਉਦਾਸੀ ਸੰਪ੍ਰਦਾਇ ਨਾਲ ਸੰਬੰਧਤ ਸਨ ਇਸ ਲਈ ਛੇਵੇਂ ਗੁਰੂ ਸਾਹਿਬ ਨੇ ਉਹਨਾਂ ਨੂੰ ਗੁਰ ਜੋਤਿ ਦਾ ਵਾਰਸ ਬਣਾਉਣ ਦੀ ਥਾਂ ਗੁਰਤਾਗੱਦੀ ਦੀ ਬਖਸ਼ਿਸ਼ ਕੀਤੀ ਆਪਣੇ ਵੱਡੇ ਪੋਤਰੇ ਧੀਰਮੱਲ ਨੂੰ ਛੱਡ ਕੇ ਕੋਮਲ ਚਿੱਤ ਛੋਟੇ ਪੋਤਰੇ ਬਾਬਾ ਹਰਿ ਰਾਇ ਜੀ ਨੂੰ ਜੋ ਉਸ ਸਮੇਂ ਕੇਵਲ 14 ਸਾਲ ਦੀ ਆਰਜੂ ਵਾਲੇ ਸਨ। ਪਰ ਕਿਸ਼ੋਰ ਉਮਰ ਦੇ ਬਾਵਜੂਦ ਆਪ ਜੀ ਕੋਮਲ ਚਿਤ ਤੇ ਪਰਉਪਕਾਰੀ ਬਿਰਤੀ ਦੇ ਧਾਰਨੀ ਸਨ। ਬੇਸ਼ੱਕ ਸਮਕਾਲ ਦੀਆਂ ਪ੍ਰਸਥਿਤੀਆਂ ਸਨਮੁਖ ਆਪ ਜੀ ਨੇ ਸੁਰਖਿਆ ਪਖੋਂ ਚੰਗੀ ਫੌਜ਼ ਰੱਖੀ ਹੋਈ ਸੀ ਜਿਸ ਵਿਚ 2200 ਘੋੜ ਸਵਾਰ ਵੀ ਸਨ। ਪਰ ਆਪ ਜੀ ਨੇ ਆਪਣੇ ਸਮੇਂ ਕਿਸੇ ਪ੍ਰਕਾਰ ਦੀ ਕੋਈ



ਜੰਗ ਨਹੀਂ ਕੀਤੀ।

ਨਿਰਸੰਦੇਹ ਬਾਬਾ ਰਾਮਰਾਇ ਅਤੇ ਬਾਲਾ ਪ੍ਰੀਤਮ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ-ਪਿਤਾ ਤੇ ਜਨਮ-ਸਥਾਨ ਦੀ ਸਾਂਝ ਇਕਸਾਰ ਹੈ ਪਰ ਸੋਚ ਵਿਚ ਇਕਸੁਰਤਾ ਨਹੀ। ਦੋਵੇਂ ਭਰਾ ਗੁਰੂ-ਘਰ ਵਿਚ ਪ੍ਰਕਾਸ਼ਤ ਹੋਣ ਕਾਰਨ ਸਿੱਖੀ ਸਿੱਖਿਆ ਦੇ ਵਾਤਾਵਰਣ ਵਿਚ ਇਕਸਾਰ ਵਿਚਰੇ ਸਨ ਪਰ ਗੁਰ-ਵਿਚਾਰ ਵਿਚ ਵਖਰੇਵਾਂ ਸੀ। ਦੋਵੇਂ ਭਰਾ ਸਿੱਖੀ-ਸਿੱਖਿਆ ਦੇ ਵਿਚਾਰ-ਮੰਡਲ ਵਿਚ ਵਡੇ ਤਾਂ ਹੋਏ ਸਨ ਅਤੇ ਪਿਤਾ ਗੁਰੂ ਜੀ ਵੱਲੋਂ ਆਪਣੇ ਦੋਵੇਂ ਸਪੁੱਤਰਾਂ ਦਾ ਪਾਲਣ-ਪੋਸ਼ਣ ਅਤੇ ਗਿਆਨ-ਦਾਨ ਵੀ ਇਕ ਸਾਰ ਕੀਤਾ ਗਿਆ ਸੀ ਪਰ ਗਿਆਨ ਮੰਡਲ ਵਿਚ ਤੋ ਬਿਰਧ, ਬਿਬੇਕ ਗਿਆਨ-ਬੁੱਧ ਦੀ ਰੂਹਾਨੀ ਝੱਲਕ, ਨਿਰਭਉ ਨਿਰਵੈਰ ਸੂਝ ਤੇ ਸਮਰੱਥਾ, ਚੜਦੀ ਕਲਾ ਤੇ ਸਰਬੱਤ ਦੇ ਭਲੇ ਦੀ ਅਵਸੱਥਾ ਦਾ ਉਚਾ-ਸੁੱਚਾ ਹਉਮੈ ਮੁੱਕਤ ਧਨ, ਜੋ ਬਾਬਾ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਪ੍ਰਾਪਤ ਹੋਇਆ, ਬਾਬਾ ਰਾਮਰਾਇ 9 ਸਾਲ ਵੱਡੇ ਹੋਣ ਦੇ ਬਾਜੂਦ ਉਸ ਤੋਂ ਵੰਚਿਤ ਰਹਿ ਗਏ। ਸਿੱਖ ਧਰਮ ਦੀ ਗੁਰ ਜੋਤਿ ਪ੍ਰੰਪਰਾ ਦੀ ਪਰੱਖ ਕਸਵੱਟੀ ਉਮਰ ਜਾਂ ਵੱਡਾ ਛੋਟਾ ਹੋਣਾ ਨਹੀਂ ਸਗੋਂ ਗੁਰ-ਆਸੇ

**ਮੀਤ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ**

ਅਨੁਸਾਰ ਸ਼ੁਭ ਤੇ ਅਸ਼ੁਭ ਗੁਣ ਪ੍ਰਵਾਨਤ ਤੇ ਪ੍ਰਧਾਨਤ ਹਨ। ਬਾਬਾ ਰਾਮ ਰਾਇ ਆਰੰਭ ਤੋਂ ਹੀ ਦੁਨਿਆਈ ਮੋਹ ਮਾਇਆ ਵਿਚ ਲਿਪਤ ਹੋ ਗਏ ਪਰ ਬਾਬਾ ਹਰਿਕ੍ਰਿਸ਼ਨ ਜੀ ਦੁਨਿਆਈ ਮੋਹ ਮਾਇਆ ਦੇ ਭਰਮ ਜਾਲ ਤੋਂ ਨਿਰਲੇਪ ਹੋਣ ਕਾਰਨ ਦੈਵੀਅਤ ਗੁਣਾਂ ਨੂੰ ਅਪਨਾਉਂਦੇ ਰਹੇ। ਏਸੇ ਲਈ ਜਦੋਂ ਪਿਤਾ ਗੁਰੂ ਹਰਿ ਰਾਇ ਜੀ ਨੇ ਬਾਬਾ ਰਾਮਰਾਇ ਨੂੰ ਔਰੰਗਜ਼ੇਬ ਦੇ ਦਰਬਾਰ ਗੁਰਬਾਣੀ ਦੇ ਸਪਸ਼ਟੀਕਰਨ ਲਈ ਦਿੱਲੀ ਭੇਜਿਆ ਤਾਂ ਓਥੇ ਬਾਬਾ ਰਾਮਰਾਇ ਨੇ ਦੁਨਿਆਵੀ ਖੁਸ਼ੀ ਹਾਸਲ ਕਰਨ ਲਈ ਦੈਵੀਅਤਾ ਨੂੰ ਦਰਕਿਨਾਰ ਕਰਦਿਆਂ ਗੁਰਬਾਣੀ ਦੀ ਪੰਗਤੀ ਹੀ ਬਦਲ ਦਿੱਤੀ ਜਿਸ ਦੇ ਫਲਸਰੂਪ ਪਿਤਾ ਗੁਰੂ ਜੀ ਨੇ ਬਾਬਾ ਰਾਮ ਰਾਇ ਅਤੇ ਇਸ ਦੇ ਸਾਥੀਆਂ ਨੂੰ ਆਪਣੇ ਮੱਥੇ ਨਾ ਲਗਣ ਦਾ ਫੁਰਮਾਨ ਜਾਰੀ ਕਰਦਿਆਂ ਏਹੋ ਹੁਕਮ ਸੰਗਤਾਂ ਨੂੰ ਜਾਰੀ ਕੀਤਾ।

ਬਾਬਾ ਹਰਿ ਕ੍ਰਿਸ਼ਨ ਜੀ ਨੇ ਆਪਣੀ ਉਮਰ ਦੇ ਪਹਿਲੇ ਪੰਜ ਸਾਲ ਪਿਤਾ ਗੁਰੂ ਹਰਿ ਰਾਇ ਜੀ ਦੀ ਛੱਤਰ ਛਾਇਆ ਹੇਠ ਗੁਜਾਰੇ ਅਤੇ ਛੋਟੇ ਹੋਣ ਕਾਰਨ ਸਿੱਖੀ ਸਿੱਖਿਆ ਦੇ ਨਾਲ ਪਿਤਾ ਗੁਰੂ ਦਾ ਭਰਪੂਰ ਲਾਡ ਪਿਆਰ ਵੀ ਮਾਣਿਆ। ਪੰਜ ਸਾਲ ਦੀ ਉਮਰ (ਅਕਤੂਬਰ,1661 ਈ) ਵਿਚ ਗੁਰੂ ਨਾਨਕ ਜੋਤਿ ਦੇ ਅਠਵੇਂ ਵਾਰਸ ਬਣ ਕੇ ਗੁਰਤਾਗੱਦੀ ਤੇ ਬਿਰਾਜਮਾਨ ਹੋਣ ਦਾ ਕਾਰਜ ਵਿਲੱਖਣ ਤੇ ਹੈਰਾਨਕੁਨ ਹੈ। ਏਸੇ ਲਈ ਇੰਦੂ ਭੂਸ਼ਣ ਬੈਨਰਜੀ ਅਤੇ ਸਰ ਗੋਕਲ ਚੰਦ ਨਾਰੰਗ ਵਰਗੇ ਭਾਰਤੀ ਇਤਿਹਾਸਕਾਰਾਂ ਨੇ ਇਕ ਪੰਜ ਸਾਲ ਦੀ ਬਾਲ ਉਮਰ ਵਾਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਵੱਲੋਂ ਗੁਰੂ ਨਾਨਕ-ਮਿਸ਼ਨ ਨੂੰ ਓਸੇ ਪ੍ਰਸੰਗ ਵਿਚ ਅਗੇ ਤੋਰ ਸਕਣਾ ਅਸੰਭਵ ਮੰਨਿਆ ਹੈ ਜਿਸ ਤਰ੍ਹਾਂ ਪੂਰਵ ਗੁਰੂ ਸਾਹਿਬਾਨ ਨੇ ਕਾਰਜ ਕੀਤੇ ਸਨ। ਪਰ ਬਾਲ ਉਮਰ ਵਿਚ ਜਿਸ ਤਰ੍ਹਾਂ ਬਾਲਾ ਪ੍ਰੀਤਮ ਨੇ ਸਿੱਖੀ ਸਿੱਖਿਆ ਦੇ ਵਿਕਾਸ ਤੇ ਵਿਗਾਸ ਹਿੱਤ ਸਫਲਤਾ ਪੂਰਬਕ ਕਾਰਜ ਕੀਤੇ ਉਸ ਨੇ ਸਾਰੇ ਸ਼ੰਕਿਆਂ ਤੇ ਵਿਸ਼ਰਾਮ ਲਾ ਦਿੱਤਾ ਅਤੇ ਪੂਰਣ ਗੁਰ-ਸ਼ਖ਼ੀਅਤਾਂ ਵਾਂਗ ਗੁਰਤਾਗੱਦੀ ਦੀ ਆਤਮਿਕ ਤੇ ਰੂਹਾਨੀ ਸ਼ੋਭਾ ਨੂੰ ਪੂਰੇ ਸਾਹਸ ਨਾਲ ਵਿਕਸਤ ਕੀਤਾ।

ਵੱਡੇ ਭਰਾ ਬਾਬਾ ਰਾਮ ਰਾਇ ਨੇ ਜੋ ਹਉਮੈ ਗ੍ਰਸਤ ਹੋਣ ਕਾਰਨ ਈਖਾਲੂ ਸੀ ਉਸਨੇ ਔਰੰਗਜ਼ੇਬ ਕੋਲ ਜਾ ਕੇ ਸ਼ਿਕਾਇਤ ਕੀਤੀ ਕਿ ਗੱਦੀ ਦਾ ਹੱਕਦਾਰ ਤਾਂ ਉਹ ਹੈ ਤੇ ਬਾਲਕ ਹਰਿਕ੍ਰਿਸ਼ਨ ਜੀ ਨੂੰ ਗੱਦੀ ਦਾ ਹੱਕ ਨਹੀਂ ਹੋ ਸਕਦਾ। ਸ਼ਿਕਾਇਤ ਸੁਣ ਕੇ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਪਰ ਗੁਰੂ ਸਾਹਿਬ ਨੇ ਆਉਣ ਨਾਂਹ ਕਰ ਦਿੱਤੀ।ਕੁੱਝ ਸਮੇਂ ਬਾਅਦ ਗੁਰੂ ਘਰ ਦੇ ਨਿਕਟ ਵਰਤੀ ਮਿਰਜ਼ਾ ਰਾਜਾ ਜੈ ਸਿੰਘ ਨੇ ਦਿੱਲੀ ਦੇ ਸਿੱਖਾਂ ਵੱਲੋਂ ਬੇਨਤੀ ਕੀਤੀ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਆਏ। ਜਿਸ ਵਕਤ ਆਪ ਦਿੱਲੀ ਪਹੁੰਚੇ ਤਾਂ ਆਪ ਜੀ ਦਾ ਬਹੁਤ ਸਤਿਕਾਰ ਕੀਤਾ ਗਿਆ ਤੇ ਜਿਸ ਬੰਗਲੇ ਵਿਚ ਆਪ ਠਹਿਰੇ ਉਸ ਥਾਂ ਤੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਹੈ।

ਰਾਜਾ ਜੈ ਸਿੰਘ ਦੇ ਬੰਗਲੇ ਵਿਚ ਜਦ ਗੁਰੂ ਜੀ ਠਹਿਰੇ ਹੋਏ ਸਨ ਤਾਂ ਰਾਜਾ ਜੈ ਸਿੰਘ ਦੀ ਪਟਰਾਣੀ ਨੂੰ ਵੀ ਉਨ੍ਹਾਂ ਦੀ ਸ਼ਖ਼ਸ਼ੀਅਤ ਤੇ ਸ਼ੰਕਾ ਪੈਦਾ ਹੋਇਆ ਤੇ ਦਰਸ਼ਨਾਂ ਦੇ ਨਾਲ-ਨਾਲ ਇਮਤਿਹਾਨ ਲੈਣਾ ਵੀ ਚਾਹਿਆ। ਪਟਰਾਣੀ ਨੇ ਆਪ ਗੋਲੀਆਂ ਵਾਲੇ ਕੱਪੜੇ ਪਹਿਨ ਲਏ ਤੇ ਇਕ ਗੋਲੀ ਨੂੰ ਰਾਣੀਆਂ ਵਾਲੇ ਸੁੰਦਰ ਕੱਪੜੇ ਪਹਿਨਾਂ ਦਿੱਤੇ ਤਾਂ ਕਿ ਗੁਰੂ ਜੀ ਨੂੰ ਭੁਲੇਖੇ ਵਿਚ ਪਾਇਆ ਜਾ ਸਕੇ। ਜਦੋਂ ਉਹ ਇਕੱਠੀਆਂ ਹੋ ਕੇ ਗੁਰੂ ਸਾਹਿਬ ਕੋਲ ਆਈਆਂ ਤਾਂ ਜਾਣੀ ਜਾਣ ਸਤਿਗੁਰੂ ਜੀ ਨੇ ਇਕਦਮ ਪਟਰਾਣੀ ਨੂੰ ਗੋਲੀਆਂ ਦੇ ਰੂਪ ਵਿਚ ਪਹਿਚਾਨ ਲਿਆ। ਇਸ ਤਰ੍ਹਾਂ ਬਾਲਾ ਪ੍ਰੀਤਮ ਗੁਰੂ ਸਾਹਿਬ ਦੀ ਮਹਿਮਾ ਚਾਰੇ ਪਾਸੇ ਫੈਲ ਗਈ। ਦਿੱਲੀ ਵਿਚ ਉਸ ਸਮੇਂ ਚੀਚਕ ਤੇ ਹੈਜਾ ਫੈਲਿਆ ਹੋਇਆ ਸੀ ਤੇ ਬਹੁਤ ਲੋਕ ਇਸ ਬੀਮਾਰੀ ਕਾਰਨ ਮਰ ਗਏ ਸਨ। ਲੋਕਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਕਮਰੇ ਦੇ ਬਾਹਰ ਇੱਕ ਚੁਬੱਚਾ ਬਣਾ ਕੇ ਉਸ ਵਿਚ ਜਲ ਭਰਵਾਇਆ ਤੇ ਆਪਣੀ ਚਰਨ ਛੋਹ ਨਾਲ ਉਸ ਵਿਚ ਅਜਿਹੀ ਸ਼ਕਤੀ ਭਰ ਦਿੱਤੀ ਕਿ ਜੋ ਵੀ ਰੋਗੀ ਉਸ ਚੁਬੱਚੇ ਵਿਚੋਂ ਅੰਮ੍ਰਿਤ ਜਲ ਲੈਂਦਾ ਸੀ ਉਹ ਠੀਕ ਹੋ ਜਾਂਦਾ ਸੀ। ਅੱਜ ਕੱਲ ਵੀ ਸੰਗਤ ਗੁਰਦੁਆਰਾ ਬੰਗਲਾ ਸਾਹਿਬ ਆ ਕੇ ਇਸ ਚੁਬੱਚੇ ਤੋਂ ਜਲ ਲੈਂਦੀ ਹੈ ਤੇ ਦੁੱਖਾਂ ਤੋਂ ਨਵਿਰਤ ਹੋ ਜਾਂਦੀ ਹੈ। ਗੁਰੂ ਸਾਹਿਬ ਜੀ ਦੀ ਸ਼ੋਭਾ ਸੁਣ ਕੇ ਔਰੰਗਜ਼ੇਬ ਦਾ ਦਿਲ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਕੀਤਾ। ਪਰ ਗੁਰੂ ਸਾਹਿਬ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਅਤੇ ਆਖ ਭੇਜਿਆ ਕਿ ਨਾਂ ਦਰਸ਼ਨ ਲੇਤ ਹੈ ਨਾ ਦੇਤ ਹੈ।

ਆਪ ਦੁਖੀਆਂ ਦੇ ਦੁੱਖ ਨਿਵਾਰਨ ਵਾਲੇ ਸਨ। ਪਰ ਪਰਮਾਤਮਾ ਦਾ ਹੁਕਮ ਅਜਿਹਾ ਸੀ ਕਿ ਆਪ ਜੀ ਅੱਠ ਸਾਲ ਦੀ ਉਮਰ ਦੇ ਸਨ ਕਿ ਆਪ ਤੇ ਵੀ ਇਸ ਭਿਆਨਕ ਰੋਗ (ਚੀਚਕ) ਨੇ ਹਮਲਾ ਕਰ ਦਿੱਤਾ ਜਿਸ ਤੇ ਗੁਰੂ ਜੀ ਨੇ ਸੰਗਤ ਨੂੰ ਸ਼ਹਿਰੋ ਬਾਹਰ ਆਪਣਾ ਡੇਰਾ ਲਾਉਣ ਲਈ ਕਿਹਾ। ਜਮਨਾ ਕਿਨਾਰੇ ਆਪ ਜੀ ਦਾ ਡੇਰਾ ਲਾਇਆ ਗਿਆ। ਉਥੇ ਸੰਗਤਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਤੇ ਕਿਹਾ ਸੰਗਤ ਕਿਸ ਦੇ ਲੜ ਲਗੇਗੀ"। ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਹੱਥ ਵਿਚ ਲੈ ਕੇ ਕਿਹਾ"ਬਾਬਾ ਬਕਾਲੇ" ਅਤੇ ਇਸ ਤੋਂ ਬਾਅਦ ਉਹ ਮਿਤੀ 30 ਮਾਰਚ, 1664 ਈ: ਨੂੰ ਜੋਤਿ ਜੋਤਿ ਸਮਾ ਗਏ।

ਇਹ ਇਕ ਅਟੱਲ ਸਚਾਈ ਹੈ ਕਿ ਗੁਰੂ ਨਾਨਕ-ਜੋਤਿ ਦੇ ਵਾਰਸਾਂ ਨੂੰ ਅੰਤਰ ਆਤਮਾ ਦੀਆਂ ਅੱਖਾਂ (ਸੇ ਅਖੜੀਆ ਬਿਅੰਨ ਜਿਨ੍ਹਾਂ ਡਸੰਦੋ ਮਾਪਿਰੀ) ਨਾਲ ਦੇਖਣ ਨਾਲ ਸਹਿਜ ਸੁਭਾਅ ਹੀ ਦੁਖਾਂ ਕਲੇਸ਼ਾਂ ਦਾ ਨਾਸ ਹੋ ਜਾਂਦਾ ਹੈ ਪਰ ਦਸਮ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪ੍ਰਤੀ ਉਚਾਰਨ ਕੀਤੇ ਇਹ ਨੂਰੀ ਬੋਲ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ।। ਸਿੱਖ ਸੰਗਤਾਂ ਦੇ ਇਸ ਵਿਸ਼ਵਾਸ ਨੂੰ ਹੋਰ ਵੀ ਪਰਪੱਕ ਕਰ ਦਿੰਦੇ ਹਨ ਕਿ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ-ਪਰਸਨ ਮਾਨਵ-ਜੀਵਨ ਦੇ ਸਭ ਦੁਖਾਂ ਦੀ ਨਵਿਰਤੀ ਕਰਨ ਦੇ ਸਮਰਥ ਹਨ ਜੇਕਰ ਸਚੇ ਮਨ ਨਾਲ ਉਨ੍ਹਾਂ ਦੀ ਜੋਤਿ ਨਾਲ ਜੁੜਿਆ ਜਾਵੇ।

ਮੈਂ ਸਮਝਦਾ ਹਾਂ ਕਿ ਅੱਜ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ 366 ਵਾਂ ਪ੍ਰਕਾਸ਼ ਪੁਰਬ ਮਨਾਉਂਦਿਆਂ ਉਹਨਾਂ ਦੇ ਪਾਵਨ ਨਾਮ ਨਾਲ ਜੁੜੇ ਚੀਫ਼ ਖ਼ਾਲਸਾ ਦੀਵਾਨ ਦੇ ਅਰਧ ਸੈਂਕੜੇ ਦੇ ਕਰੀਬ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕ, ਵਿਦਿਆਰਥੀ ਅਤੇ ਸਟਾਫ਼ ਸਮੂਹ ਮੈਂਬਰ ਸਾਹਿਬਾਨ ਬਾਲਾ ਪ੍ਰੀਤਮ ਦੇ ਪੰਜ ਤੋਂ ਅਠ ਸਾਲ ਦੀ ਉਮਰ ਵਿਚ ਕੀਤੇ ਕਾਰਜਾਂ ਤੋਂ ਪ੍ਰੇਰਨਾ ਲੈਂਦਿਆਂ ਉਚ ਮਿਆਰੀ ਵਿਦਿਆ ਹਾਸਲ ਕਰਨ ਦੇ ਨਾਲ-ਨਾਲ ਹਮੇਸ਼ਾ ਨਿਰਭਉ ਨਿਰਵੈਰ ਹੋ ਕੇ ਸੱਚੀ ਸੁਚੀ ਚੜਦੀ ਕਲਾ ਵਾਲਾ ਜੀਵਨ ਜਿਉਣ ਅਤੇ ਤਨ, ਮਨ, ਧਨ ਨਾਲ ਦੇਸ਼ ਕੌਮ ਦੇ ਵਿਕਾਸ ਕਾਰਜਾਂ ਵਿਚ ਨਿਗਰ ਭੂਮਿਕਾ ਨਿਭਾਉਣ।



# ਸ਼ੇਰੇ ਪੰਜਾਬ : ਮਹਾਰਾਜਾ ਰਣਜੀਤ ਸਿੰਘ



ਸੁਖਜਿੰਦਰ ਸਿੰਘ ਪ੍ਰਿੰਸ*



ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ ਦੇ ਨਾਲ ਨਾਲ ਗੁਰੂਆਂ, ਪੀਰਾਂ, ਯੋਧਿਆਂ ਤੇ ਸੂਰਬੀਰਾਂ ਦੀ ਵੀ ਧਰਤੀ ਹੈ ਜਿੱਥੇ ਗੁਰੂ ਨਾਨਕ ਸਾਹਿਬ ਦੀਆਂ ਸਰਬ ਸਾਂਝੀਆਂ ਸਿਖਿਆਂਵਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਨੂੰ ਜੇ ਕਰ ਬਾਦਸ਼ਾਹਤ ਦੇਣ ਵਾਲਾ ਕੋਈ ਸੂਰਮਾ ਹੋਇਆ ਹੈ ਤਾਂ ਉਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸ਼ੁਕੱਰਚੱਕੀਆ ਮਿਸਲ ਦੇ ਮਹਾਨ ਯੋਧੇ ਸ: ਮਹਾਂ ਸਿੰਘ ਸ਼ੁੱਕਰਚੱਕੀਆ ਦੇ ਘਰ ਸੰਨ 1780 ਨੂੰ ਗੁਜਰਾਵਾਲਾਂ ਵਿਖੇ ਹੋਇਆ।ਆਪਣੇ ਵਡੇਰਿਆਂ ਦੇ ਵਿਲੱਖਣ ਵਿਰਾਸਤੀ ਗੁਣਾਂ ਦੇ ਧਾਰਨੀ ਮਹਾਰਾਜਾ ਰਣਜੀਤ ਸਿੰਘ ਨੂੰ ਵਿਸ਼ਾਲ ਸਿੱਖ ਰਾਜ ਕਾਇਮ ਕਰਨ ਵਾਲੇ ਸੂਰਬੀਰ ਯੋਧੇ ਵਜੋਂ ਜਾਣਿਆ ਜਾਂਦਾ ਹੈ ਜਿਸ ਨਾਲ ਚੀਨ, ਅਮਰੀਕਾ, ਤੇ ਇੰਗਲੈਂਡ ਵਰਗੇ ਮੁਲਕ ਵੀ ਸੰਧੀ ਕਰਨ ਨੂੰ ਹਮੇਸ਼ਾ ਤਿਆਰ ਰਹਿੰਦੇ ਸਨ।ਉੱਘਾ ਕਵੀ ਸ਼ਾਹ ਮੁਹੰਮਦ ਲਿਖਦਾ ਹੈ।

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,ਨਾਲ ਜ਼ੋਰ ਦੇ ਮੁਲਕ ਹਿਲਾ ਗਿਆ। ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ, ਕੋਟ, ਨਿਵਾ ਗਿਆ।

ਹੋਰ ਦੇਸ਼ ਲਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾ ਗਿਆ।

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,ਅੱਛਾ ਰੱਜ ਕੇ ਰਾਜ ਕਮਾ ਗਿਆ।

ਆਪਣੇ 50 ਸਾਲ ਦੇ ਸਾਸ਼ਨ ਕਾਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਹੀ ਵਿਸ਼ਾਲ ਅਤੇ ਤਾਕਤਵਰ ਸਲਤਨਤ ਖੜ੍ਹੀ ਕਰ ਲਈ ਸੀ।ਉਹਦੀ ਚੜ੍ਹਤ ਅਤੇ ਬਾਦਸ਼ਾਹੀ ਦੇ ਵਰ੍ਹੇ ਸਮੁਚੇ ਵਿਸ਼ਵ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਗਏ ਹਨ। ਮਹਾਰਾਜਾ ਰਣਜੀਤ ਸਿੰਘ ਦਾ ਨਾਮ ਸੁਣ ਕੇ ਮੁਗ਼ਲਾਂ ਸਮੇਤ ਅੰਗਰੇਜ ਵੀ ਡਰਦੇ ਸਨ।

ਸ਼ੇਰੇ ਪੰਜਾਬ ਨੇ ਸ਼ਾਹੀ ਮਰਿਆਦਾ ਤੋਂ ਹੱਟ ਕੇ ਆਪਣੇ ਰਾਜ ਨੂੰ ਸਰਕਾਰ ਖਾਲਸਾ ਜੀ ਦੇ ਨਾਂ ਨਾਲ ਨਿਵਾਜਿਆ ਅਤੇ ਸਰਕਾਰੀ ਚਿੱਠੀ ਪੱਤਰ ਖਾਲਸੇ ਦੇ ਨਾਂ ਨਾਲ ਜਾਰੀ ਕਰਨੇ ਸ਼ੁਰੂ ਕਰ ਕੀਤੇ ਅਤੇ ਇਸ ਸਰਕਾਰੇ ਖਾਲਸਾ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਆਪ ਨੂੰ ਕੋਈ ਵੀ ਖਿਤਾਬ ਨਾਲ ਨਿਵਾਜੇ ਜਾਣ ਨਾਲੋਂ ਸਿਰਫ ਸਿੰਘ ਸਾਹਿਬ ਨਾਲ ਬੁਲਾਏ ਜਾਣ ਨੂੰ ਤਰਜੀਹ ਦਿੱਤੀ। ਪੰਜਾਬ ਦੇ ਇਸ ਬਾਦਸ਼ਾਹ ਨੇ ਆਪਣੇ ਲਈ ਕੋਈ ਸ਼ਾਹੀ ਤਖਤ ਜਾਂ ਤਾਜ ਨਹੀਂ ਬਣਵਾਇਆ ਸਗੋਂ ਸਿਰਫ ਦਸਤਾਰਾਂ ਹੀ ਸਜਾਈਆਂ। ਸਿੱਖ ਰਾਜ ਵਿੱਚ ਉਹਨਾਂ ਆਪਣੇ ਨਾਂ ਦਾ ਸਿੱਕਾ ਨਹੀਂ ਸਗੋਂ **ਨਾਨਕਸ਼ਾਹੀ ਸਿੱਕਾ** ਚਲਾਇਆ ਜਿਸ ਉੱਤੇ ਉਹਨਾਂ **ਦੇਗ਼ ਤੇਗ਼ ਫਤਹਿ, ਨਸ਼ਰਤ ਬੇਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ** ਜਿਸ ਵਿਚ ਦੇਗ਼ ਭੁੱਖੇ ਨੂੰ ਅਨਾਜ ਦੇਣ ਅਤੇ ਤੇਗ਼ ਸ਼ਕਤੀ ਦੀ ਪ੍ਰਤੀਕ ਸੀ। ਮਹਾਰਾਜੇ ਦੀਆਂ ਦੋ ਰਾਜਧਾਨੀਆਂ ਸਨ ਇਕ ਲਾਹੌਰ ਅਤੇ ਦੂਜੀ ਸ੍ਰੀ ਅੰਮ੍ਰਿਤਸਰ। ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਗੁਰੂ ਨਾਨਕ ਸਾਹਿਬ ਜੀ ਦੇ ਮੂਲ ਸਿਧਾਂਤਾਂ ਸਮਾਜਿਕ ਸਮਾਨਤਾ ਅਤੇ ਧਾਰਮਿਕ ਆਜ਼ਾਦੀ ਤੇ ਅਧਾਰਿਤ ਸੀ। ਉਹਨਾਂ ਵਲੋਂ ਆਪਣੇ ਰਾਜ ਵਿੱਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਰਾਜ ਦਰਬਾਰ ਅਤੇ ਫੌਜ ਵਿਚ ਬਹੁਤ ਅਹਿਮ ਅਹੁਦਿਆਂ ਨਾਲ ਨਿਵਾਜਿਆ ਗਿਆ ਸੀ, ਓਹ ਸਾਰੇ ਧਰਮਾਂ ਦਾ ਆਦਰ ਸਤਿਕਾਰ ਕਰਦੇ ਸਨ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਵਿੱਚ ਦਰਬਾਰ ਤੋਂ ਕੋਈ ਵੀ ਖਾਲੀ ਹੱਥ ਨਹੀ ਸੀ ਜਾਂਦਾ ਅਤੇ ਨਾ ਹੀ ਕੋਈ ਗਰੀਬ ਰਾਤ ਨੂੰ ਭੁੱਖਾ ਸੌਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸੋਨਾ ਲਗਵਾਉਣ ਦੀ ਯਾਦਗਾਰੀ ਸੇਵਾ ਨਿਭਾਈ ਅਤੇ ਗੁਰੂ ਸਾਹਿਬਾਨਾਂ ਨਾਲ ਸੰਬੰਧਤ ਪਵਿੱਤਰ ਇਤਿਹਾਸਿਕ ਯਾਦਗਾਰਾਂ ਅਤੇ ਅਨੇਕਾਂ ਗੁਰਧਾਮਾਂ ਦੀ ਉਸਾਰੀ ਕਰਵਾਈ। ਉਹਨਾਂ ਧਰਮ ਨੂੰ ਰਾਜਨੀਤੀ ਤੋਂ ਸਦਾ ਉਪਰ ਮੰਨਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੇ ਆਦੇਸ਼ ਮੁਤਾਬਿਕ, ਸ੍ਰੀ ਅਕਾਲ ਤਖਤ ਪਹੁੰਚ ਕੇ ਝੁੱਕ ਕੇ ਆਪਣੇ ਸਰੀਰ ਤੇ ਕੋੜਿਆਂ ਦੀ ਸਜਾ ਭੁਗਤੀ ਸੀ। ਇਸ ਤਰ੍ਹਾਂ ਮਹਾਰਾਜੇ ਨੇ ਆਪਣੀ ਸਿਆਸੀ ਸੂਝ ਬੂਝ, ਪ੍ਰਬੰਧਕੀ ਯੋਗਤਾ ਤੇ ਕੁਸ਼ਲ ਰਣਨੀਤੀ ਵਜੋਂ ਇੱਕ ਮਜਬੂਤ ਤੇ ਵਿਸ਼ਾਲ ਸਿੱਖ ਰਾਜ ਕਾਇਮ ਕਰ ਕੇ ਸਿੱਖ ਕੌਮ ਦਾ ਮਾਣ ਵਧਾਇਆ।27 ਜੂਨ 1839 ਨੂੰ ਪੰਜ ਦਰਿਆਵਾਂ ਦਾ ਸ਼ੇਰ ਮਹਾ ਸ਼ਕਤੀਸ਼ਾਲੀ ਯੋਧਾ ਮਹਾਰਾਜਾ ਰਣਜੀਤ ਸਿੰਘ ਇਸ ਦੁਨੀਆਂ ਅਤੇ ਆਪਣੀ ਵਿਸ਼ਾਲ ਮਜਬੂਤ ਸਲਤਨਤ ਨੂੰ ਸਦਾ ਲਈ ਛੱਡ ਗਿਆ। ਮਹਾਰਾਜੇ ਦੀ ਮੌਤ ਉਪਰੰਤ ਇਤਿਹਾਸ ਦੇ ਪੰਨਿਆਂ ਨੂੰ ਲਹੂ ਲੁਹਾਨ ਕਰਦਿਆਂ ਉਸਦਾ ਰਾਜ ਖੇਰੂੰ-ਖੇਰੂੰ ਹੋ ਕੇ ਬਿਖਰ ਗਿਆ। ਦੁੱਖ ਮਹਿਸੂਸ ਹੁੰਦਾ ਹੈ ਕਿ ਅੱਜ ਪੰਜਾਬ ਕੋਲ ਨਾ ਮੁਲਤਾਨ, ਨਾ ਕਸ਼ਮੀਰ, ਨਾ ਪਿਸ਼ੌਰ, ਨਾ ਚੰਬਾ, ਨਾ ਜੰਮੂ, ਨਾ ਹੀ ਕਾਂਗੜਾ , ਨਾ ਹੀ ਲੱਦਾਖ ਤੇ ਨਾ ਚੀਨ ਹੀ ਪੰਜਾਬ ਦਾ ਹਿੱਸਾ ਰਿਹਾ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਵਰਗਾ ਉਹ ਗੌਰਵਸ਼ਾਲੀ ਰਾਜ ਰਿਹਾ ਹੈ। ਇਸ ਤੋਂ ਬਾਅਦ ਤ੍ਰਾਸਦੀ ਦਾ ਇਕ ਲੰਬਾ ਇਤਿਹਾਸਕ ਦੌਰ ਸ਼ੁਰੂ ਹੋਇਆ ਅਤੇ ਪਹਿਲਾਂ ਤੋਂ ਹੀ ਖੰਡ ਖੰਡ ਹੋਇਆ ਪੰਜ ਆਬ ਦੋ ਮੁਲਕਾਂ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ।

ਆਨਰੇਰੀ ਜੁਆਇੰਟ ਸਕੱਤਰ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ

# ਸਿੱਖ ਸਿਧਾਂਤਾਂ ਦਾ ਪੈਰੋਕਾਰ:
# ਬਾਬਾ ਬੰਦਾ ਸਿੰਘ ਬਹਾਦਰ



**ਡਾ. ਪਰਮਵੀਰ ਸਿੰਘ***

(ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵ-ਸਮਾਜ ਤੇ ਹੋ ਰਹੇ ਜ਼ਬਰ ਜ਼ੁਲਮ ਦੇ ਖਾਤਮੇ ਲਈ ਨਾਦੇੜ ਦੀ ਧਰਤੀ ਤੋਂ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ ਸੀ। ਉਸਨੇ ਮਾਨਵ-ਦੋਖੀਆਂ ਦਾ ਨਾਸ਼ ਕਰਦਿਆਂ, ਪੰਚ ਪ੍ਰਧਾਨੀ ਨਿਯਮਾਂ ਅਨੁਸਾਰ ਸਥਾਨਕ ਲੋਕਾਂ ਨੂੰ ਮਜ਼ਲੂਮ ਤੋਂ ਹਾਕਮ ਬਣਾਇਆ। ਇਸ ਮਹਾਨ ਯੋਧੇ ਨੂੰ ਸ਼ਰਧਾਂਜਲੀ ਅਰਪਨ ਕਰਦਿਆਂ ਡਾ.ਪਰਮਵੀਰ ਸਿੰਘ ਦਾ ਇਹ ਲੇਖ ਵਿਸ਼ੇਸ਼ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ-ਸੰਪਾਦਕ)

ਬੰਦਾ ਸਿੰਘ ਬਹਾਦਰ ਇਕ ਅਜਿਹਾ ਮਹਾਨ ਜਰਨੈਲ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਇਕ ਵਿਸ਼ਾਲ ਮੁਗਲ ਸਾਮਰਾਜ ਨਾਲ ਟੱਕਰ ਲੈ ਕੇ ਉਸ ਤੇ ਜਿੱਤ ਪ੍ਰਾਪਤ ਕੀਤੀ ਸੀ। ਉਸਨੇ ਮੁਗਲਾਂ ਦਾ ਇਹ ਭਰਮ ਨਵਿਰਤ ਕਰ ਦਿੱਤਾ ਸੀ ਕਿ ਉਹਨਾਂ ਨੂੰ ਕੋਈ ਜਿੱਤ ਨਹੀਂ ਸਕਦਾ। ਮੁਗਲਾਂ ਤੇ ਬੰਦਾ ਸਿੰਘ ਬਹਾਦਰ ਦੀ ਜਿੱਤ ਨੇ ਇਹ ਵੀ ਸਾਬਿਤ ਕਰ ਦਿੱਤਾ ਸੀ ਕਿ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਲੈਣ ਲਈ ਗੁਰੂ ਦੀ ਬਖ਼ਸ਼ਿਸ਼ ਹੀ ਕਾਫ਼ੀ ਹੈ। ਗੁਰੂ ਸਾਹਿਬਾਨ ਨੇ ਸਮੇਂ ਦੇ ਸਮੂਹ ਪ੍ਰਚਲਿਤ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਧਾਨਾਂ ਅਤੇ ਵਿਸ਼ਵਾਸਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਉਸ ਸਮੇਂ ਇਹ ਮੰਨਿਆ ਜਾਂਦਾ ਸੀ ਕਿ ਜਿਸ ਵੀ ਫ਼ੌਜ਼ ਦਾ ਆਗੂ ਯੁੱਧ ਵਿਚ ਮਾਰਿਆ ਜਾਵੇ ਜਾਂ ਦੁਸ਼ਮਣ ਦੇ ਹੱਥ ਆ ਜਾਵੇ ਤਾਂ ਸਮੁੱਚੀ ਫ਼ੌਜ਼ ਆਪਣੀ ਹਾਰ ਕਬੂਲ ਕਰ ਲੈਂਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਅਜਿਹੇ ਜਰਨੈਲ ਬਣਾਇਆ ਸੀ ਜਿਸ ਦੇ ਇਕ ਆਗੂ ਦੀ ਸ਼ਹਾਦਤ ਨਾਲ ਯੁੱਧ ਦੀ ਜਿੱਤ-ਹਾਰ ਦਾ ਨਿਰਣਾ ਕਰਨਾ ਸੰਭਵ ਨਹੀਂ ਸੀ ਕਿਉਂਕਿ ਹਰ ਇਕ ਸਿੱਖ ਆਖ਼ਰੀ ਸਵਾਸ ਤੱਕ ਦੁਸ਼ਮਣ ਨਾਲ ਲੋਹਾ ਲੈਂਦਾ ਸੀ ਅਤੇ ਸ਼ਹੀਦ ਹੋਣ ਨੂੰ ਉਹ ਗੁਰੂ ਦੀ ਬਖ਼ਸ਼ਿਸ਼ ਸਦਕਾ ਪੁੰਨ ਕਰਮ ਸਮਝਦਾ ਸੀ।

ਧਰਮ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ ਸੀ। ਧਰਮ ਉਸ ਸਮੇਂ ਹੀ ਸਮਾਜ ਵਿਚ ਸਥਾਪਤ ਹੋ ਸਕਦਾ ਹੈ ਜਦੋਂ ਲੋਕਾਂ ਦੇ ਮਨਾਂ ਵਿਚ ਸੱਚਾਈ, ਸ਼ਾਂਤੀ, ਸਦਭਾਵਨਾ, ਨਿਆਂ ਤੇ ਪ੍ਰੇਮ ਦੀ ਭਾਵਨਾ ਭਾਰੂ ਹੋਵੇ। ਇਹਨਾਂ ਗੁਣਾਂ ਅਧੀਨ ਹੀ ਸਮਾਜ ਸੁਚਾਰੂ ਰੂਪ ਵਿਚ ਚੱਲ ਸਕਦਾ ਹੈ। ਇਹਨਾਂ ਗੁਣਾਂ ਦੀ ਸਥਾਪਤੀ ਲਈ ਗੁਰੂ ਨਾਨਕ ਦੇਵ ਜੀ ਨੇ ਜਿਹੜਾ ਮਿਸ਼ਨ ਅਰੰਭ ਕੀਤਾ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਨੂੰ ਹੀ ਸਾਕਾਰ ਰੂਪ ਪ੍ਰਦਾਨ ਕਰਨ ਵਿਚ ਭੂਮਿਕਾ ਨਿਭਾਈ ਸੀ। ਇਸੇ ਉਦੇਸ਼ ਅਧੀਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਨਾਦੇੜ ਤੋਂ ਪੰਜਾਬ ਭੇਜਿਆ ਸੀ।



ਬੰਦਾ ਸਿੰਘ ਬਹਾਦਰ ਨੇ ਪੰਜਾਬ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਖਾਂ ਨੂੰ ਸੰਦੇਸ਼ ਭੇਜਦੇ ਹੋਏ ਉਸ ਕੋਲ ਪਹੁੰਚਣ ਲਈ ਕਿਹਾ ਸੀ। ਮਾਲਵੇ ਦੇ ਸਿੱਖ ਸਭ ਤੋਂ ਪਹਿਲਾਂ ਉਸ ਦੀ ਕਮਾਨ ਹੇਠ ਇਕੱਠੇ ਹੋਏ ਸਨ।ਬੰਦਾ ਸਿੰਘ ਬਹਾਦਰ ਦਾ ਨਿਸ਼ਾਨਾ ਸਰਹਿੰਦ ਦੀ ਜਿੱਤ ਸੀ।ਸਰਹਿੰਦ ਦਿੱਲੀ ਅਤੇ ਲਾਹੌਰ ਦੇ ਵਿਚਕਾਰ ਮੁਗਲ ਹਕੂਮਤ ਦਾ ਸਭ ਤੋਂ ਸ਼ਕਤੀਸ਼ਾਲੀ ਫ਼ੌਜੀ ਕੇਂਦਰ ਸੀ ਜਿਸ ਦੇ ਨਵਾਬ ਵਜ਼ੀਰ ਖਾਨ ਨੇ ਹੋਰਨਾਂ ਇਲਾਕਿਆਂ ਦੇ ਹਾਕਮਾਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਤੇ ਅਨੰਦਪੁਰ ਸਾਹਿਬ ਵਿਖੇ ਹਮਲਾ ਕੀਤਾ ਸੀ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆ ਸਾਂਝੀਆਂ ਫ਼ੌਜਾਂ ਵਿਰੁੱਧ ਲੜ੍ਹਦੇ ਹੋਏ ਗੁਰੂ ਜੀ ਦੇ ਵੱਡੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਅਤੇ ਅਨੇਕਾਂ ਸਿੰਘ ਚਮਕੌਰ ਵਿਚ ਹੋਈ ਜੰਗ ਵਿਚ ਸ਼ਹੀਦ ਹੋ ਗਏ ਸਨ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਖਿਲਾਫ਼ ਆਮ ਲੋਕਾਂ ਵਿਚ ਜਿਹੜਾ ਭਾਰੀ ਰੋਸ ਅਤੇ ਗੁੱਸਾ ਸੀ ਉਸ ਦਾ ਕਾਰਨ ਨਵਾਬ ਦੁਆਰਾ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ, ਨੂੰ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰਨਾ ਸੀ। ਇਸੇ ਘਟਨਾ ਦੌਰਾਨ ਹੀ ਮਾਤਾ ਗੁਜਰੀ ਜੀ ਵੀ ਅਕਾਲ ਚਲਾਣਾ ਕਰ ਗਏ ਸਨ। ਨਵਾਬ ਵਜ਼ੀਰ ਖ਼ਾਨ ਦੇ ਜ਼ੁਲਮਾਂ ਅਤੇ ਨਿਰਦਇਤਾ ਨੇ ਧਰਮ ਦੇ ਮਾਰਗ ਤੇ ਚੱਲਣ ਵਾਲਿਆ ਦੇ ਮਨਾਂ ਵਿਚ ਗੁੱਸੇ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ।ਇਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁੱਧ ਜੰਗ ਦੇ ਮੈਦਾਨ ਵਿਚ ਲੜ੍ਹਨ ਵਾਲੇ ਮਲੇਰਕੋਟਲਾ ਦੇ ਨਵਾਬ, ਜਿਸ ਦੇ ਭਰਾ, ਭਤੀਜੇ ਅਤੇ ਪਰਿਵਾਰ ਦੇ ਹੋਰ ਮੈਂਬਰ ਸ਼ਹੀਦ ਹੋ ਗਏ ਸਨ, ਨੇ ਵੀ ਇਸ ਨੂੰ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਜ਼ੁਲਮ ਕਰਨ ਤੋਂ ਵਰਜਿਆ ਸੀ। ਪਰ ਵਜੀਰ ਖਾਨ ਤਾਕਤ ਦੇ ਨਸ਼ੇ ਅਧੀਨ ਭਲਾ-ਬੁਰਾ ਸੋਚਣ ਅਤੇ ਸਮਝਣ ਵਿਚ ਅਸਮਰੱਥ ਹੋ ਗਿਆ ਸੀ, ਜਿਸ ਕਰਕੇ ਉਸ ਨੇ ਜ਼ੁਲਮ ਦੀ ਨੀਤੀ ਧਾਰਨ ਕਰ ਲਈ ਸੀ।

ਨਵਾਬ ਵਜ਼ੀਰ ਖ਼ਾਨ ਨੂੰ ਉਸ ਦੇ ਜ਼ੁਲਮਾਂ ਦੀ ਸਜ਼ਾ ਚਪੜਚਿੱੜੀ ਦੇ ਯੁੱਧ ਵਿਚ ਮਿਲ ਗਈ ਸੀ। ਆਧੁਨਿਕ ਹਥਿਆਰਾਂ ਨਾਲ ਲੈਸ ਉਸ ਦੀਆਂ ਭਾਰੀ ਫ਼ੌਜਾਂ ਨੂੰ ਇਸ ਯੁੱਧ ਵਿਚ ਕਰਾਰੀ ਹਾਰ ਹੋਈ ਸੀ। ਧਰਮ ਦੇ ਜੋਸ਼ ਅਤੇ ਉਤਸ਼ਾਹ ਅਧੀਨ ਲੜ੍ਹਨ ਵਾਲੀ ਬੰਦਾ ਸਿੰਘ ਬਹਾਦਰ ਦੀ ਫ਼ੌਜ਼ ਨੇ ਸਰਹਿੰਦ ਵਿਖੇ ਜ਼ੁਲਮ ਕਰਨ ਵਾਲਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਧਰਮ ਦੇ ਮਾਰਗ ਤੇ ਚੱਲਣ ਵਾਲੇ ਲੋਕ ਬੰਦਾ ਸਿੰਘ ਬਹਾਦਰ ਨੂੰ ਦੈਵੀ ਸ਼ਕਤੀ ਦੇ ਪ੍ਰਤੀਕ ਵੱਜੋਂ ਦੇਖਣ ਲੱਗੇ ਸਨ। ਇਥੋਂ ਤੱਕ ਕਿ ਮੁਗਲ ਦਰਬਾਰ ਵਿਚ ਮੌਜੂਦ ਅੰਗਰੇਜ਼ ਅਫ਼ਸਰਾਂ, ਜੌਹਨ ਸਰਮਨ ਅਤੇ ਐਡਵਰਡ ਸਟੀਫ਼ਨਸਨ, ਨੂੰ ਜਦੋਂ ਇਸ ਘਟਨਾ ਦੀ ਜਾਣਕਾਰੀ ਮਿਲੀ ਤਾਂ ਉਹਨਾਂ ਨੇ ਬੰਗਾਲ ਸਥਿਤ ਆਪਣੇ ਗਵਰਨਰ ਨੂੰ ਜਾਣਕਾਰੀ ਦਿੰਦੇ ਹੋਏ ਲਿਖ ਭੇਜਿਆ ਕਿ 1710 ਦੀਆਂ ਗਰਮੀਆਂ ਦੌਰਾਨ ਉਹ (ਬੰਦਾ ਸਿੰਘ ਬਹਾਦਰ) ਇਕ ਛੋਟਾ ਜਿਹਾ ਰਾਜ ਸਥਾਪਤ ਕਰਨ ਵਿਚ ਕਾਮਯਾਬ ਹੋ ਗਿਆ ਸੀ ਜਿਸ ਨੇ ਬਾਅਦ ਵਿਚ ਮੁਗਲਾਂ ਤੋਂ ਦੇਸ਼ ਨੂੰ ਅਜ਼ਾਦ ਕਰਾਉਣ ਲਈ ਰਾਹ ਪੱਧਰਾ ਕਰ ਦਿੱਤਾ ਸੀ। ਸਰਹਿੰਦ ਦੀ ਜਿੱਤ ਮੁ.ਗਲ ਅਤੇ ਸਿੱਖ ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ। ਇਸ ਜਿੱਤ ਨੇ ਬੰਦਾ ਸਿੰਘ ਬਹਾਦਰ ਨੂੰ ਭਾਰਤ ਦੇ ਉੱਤਰੀ ਖਿੱਤੇ ਵਿਚ ਪੂਰਨ ਤੌਰ ਤੇ ਸਥਾਪਿਤ ਕਰ ਦਿੱਤਾ ਸੀ। ਸਰਕਾਰੀ ਖ਼ਬਰ ਨਵੀਸਾਂ ਅਤੇ ਸਮਕਾਲੀ ਲੇਖਕਾਂ ਨੇ ਉਸ ਦੇ ਰਾਜ ਅਧੀਨ ਇਲਾਕਿਆਂ ਦਾ ਵਿਸਤ੍ਰਿਤ ਬਿਓਰਾ ਪੇਸ਼ ਕੀਤਾ ਹੈ। ਮਿਰਜ਼ਾ ਮੁਹੰਮਦ ਹਾਰਿਸੀ ਕਹਿੰਦਾ ਹੈ ਕਿ ‘ਸਹਾਰਨਪੁਰ, ਬੂੜੀਆ, ਸਢੌਰਾ, ਛੱਤ, ਅੰਬਾਲਾ, ਸ਼ਾਹਬਾਦ, ਥਾਨੇਸਰ, ਸਰਹਿੰਦ, ਪਾਇਲ, ਰੋਪੜ, ਬਹਿਲੋਲਪੁਰ, ਮਾਛੀਵਾੜਾ, ਲੁਧਿਆਣਾ ਤੇ ਇਨ੍ਹਾਂ ਤੋਂ ਇਲਾਵਾ ਹੋਰ ਇਲਾਕੇ, ਜਿਨ੍ਹਾਂ ਦਾ ਵੇਰਵਾ ਤਹਿਰੀਰ ਦੇ ਲੰਬੇ ਹੋਣ ਦਾ ਕਾਰਨ ਹੈ, ਉਸ ਭੈੜੇ ਲਸ਼ਕਰ (ਸਿੱਖਾਂ) ਨੇ ਲਿਤਾੜ ਸੁੱਟੇ।ਥਾਨੇਸਰ ਤੋਂ ਲੈ ਕੇ ਸਤਲੁਜ਼ ਦਰਿਆ ਦੇ ਕੰਢੇ ਤੱਕ, ਲੱਖੀ ਜੰਗਲ ਦੀਆਂ ਹੱਦਾਂ ਤੋਂ ਬਿਨ੍ਹਾਂ, ਸਾਰੇ ਦੇ ਸਾਰੇ ਇਲਾਕੇ ਉਨ੍ਹਾਂ ਜ਼ਾਲਿਮ ਅਨਿਆਈਆਂ ਦੇ ਕਬਜ਼ੇ ਵਿਚ ਆ ਗਏ। ਸਹਾਰਨਪੁਰ ਦਾ ਅੱਧਾ ਚਕਲਾ ਵੀ ਉਸ ਜਾਹਿਲ ਘੁਮੰਡੀ (ਬੰਦਾ ਸਿੰਘ ਬਹਾਦਰ) ਦੇ ਰਾਜ ਵਿਚ ਸ਼ਾਮਲ ਹੋ ਗਿਆ। ਮੁਲਕ ਪੰਜਾਬ ਵਿਚ ਭਾਰੀ ਮਾਤਰਾ ਵਿਚ ਹਰੇਕ ਚੀਜ਼ ਸਿੱਖਾਂ ਦੇ ਹੱਥ ਆ ਗਈ। ਗੁਲਾਮ ਮੁਹੀਉਦੀਨ ਸਿੱਖਾਂ ਦੀ ਮੁ.ਗਲ ਰਾਜ ’ਤੇ ਕਬਜ਼ੇ ਦੀ ਨਿਸ਼ਾਨੀ ਦੱਸਦਾ ਹੋਇਆ ਕਹਿੰਦਾ ਹੈ ਕਿ ‘ਉਹ (ਬੰਦਾ ਸਿੰਘ ਬਹਾਦਰ) ਬਹਾਦਰੀ ਦੇ ਗੁਮਾਨ ਵਿਚ ਕਸਬਾ ਥਾਨੇਸਰ ਦੇ ਉਸ ਪਾਸੇ ਦੇ ਮੈਦਾਨ ਵਿਚ, ਜਿਹੜਾ ਹਿੰਦੁਸਤਾਨ ਦੀ ਰਾਜਧਾਨੀ ਦਾ ਦਰਵਾਜ਼ਾ ਹੈ, (ਭਾਵ ਪਾਨੀਪਤ ਵਿਚ) ਭਾਰੀ ਲੱਕੜ ਦਾ ਇਕ ਖੰਬਾ ਜਿਸ ਦੀ ਉਚਾਈ ਮਸੀਤ ਦੇ ਅੰਦਰ ਬਣੇ ਉਚੇ ਮੁਨਾਰੇ ਜਿੰਨੀ ਹੈ, ਗੱਡ ਰਿਹਾ ਹੈ, ਜਿਸ ਨੂੰ ਹਿੰਦੁਸਤਾਨ ਦੇ ਜੰਗਜੂਆਂ ਦੀ ਤਕਨੀਕੀ ਸ਼ਬਦਾਵਲੀ ਚਿਵ ਖੰਡਾ (ਝੰਡਾ) ਕਹਿੰਦੇ ਹਨ। ਮੁਹੰਮਦ ਕਾਸਿਮ ਲਾਹੌਰੀ ਬੰਦਾ ਸਿੰਘ ਬਹਾਦਰ ਦੇ ਰਾਜ ਦੀਆਂ ਹੱਦਾਂ ਅਤੇ ਉਸ ਦੁਆਰਾ ਰਾਜ ਸਥਾਪਤੀ ਦੀ ਨੀਤੀ ਦਾ ਵਰਨਣ ਕਰਦਾ ਹੋਇਆ ਕਹਿੰਦਾ ਹੈ ਕਿ, ਸਤਲੁਜ਼ ਦਰਿਆ, ਜਿਸ ਨੂੰ ਆਮ ਲੋਕੀਂ ਲੁਧਿਆਣੇ ਵਾਲਾ ਦਰਿਆ ਕਹਿੰਦੇ ਹਨ, ਤੋਂ ਲੈ ਕੇ ਕਰਨਾਲ ਤੱਕ ਉਸੇ ਬਦਕਿਰਦਾਰ ਕਾਫ਼ਰ (ਬੰਦਾ ਸਿੰਘ ਬਹਾਦਰ) ਦੀ ਹਕੂਮਤ ਸੀ। ਉਹ ਖ਼ੁਦ ਜ਼ਾਤੀ ਤੌਰ ਤੇ ਸਰਹਿੰਦ ਤੋਂ ਚਾਲ੍ਹੀ ਕੋਹ ਦੇ ਪੈਂਡੇ ਤੇ ਸਢੌਰਾ ਦੇ ਨੇੜੇ ਸਥਿਤ ਕਿਲ੍ਹਾ ਮੁਖ਼ਲਿਸਪੁਰ ਵਿਚ ਜਾ ਬੈਠਾ। ਬੰਦਾ ਸਿੰਘ ਬਹਾਦਰ ਦਾ ਪੂਰੇ ਉਤਰੀ ਭਾਰਤ ਵਿਚ ਦਬਦਬਾ ਕਾਇਮ ਹੋਣ ਦੀ ਗੱਲ ਮੰਨਦਾ ਹੋਇਆ ਖ਼ੁਸ਼ਹਾਲ ਚੰਦ ਕਹਿੰਦਾ ਹੈ ਕਿ (ਸਿੱਖਾਂ ਦਾ) ਇਹ ਸ਼ੋਰ-ਸ਼ਰਾਬਾ ਦਿੱਲੀ ਤੋਂ ਲੈ ਕੇ ਸੂਬਾ ਮੁਲਤਾਨ ਤੱਕ ਪੂਰੇ ਜੋਬਨ ਉਤੇ ਸੀ ਪਰ ਜਿਹੜਾ ਜ਼ਿਆਦਾ ਸ਼ੋਰ-ਸ਼ਰਾਬਾ ਲਾਹੌਰ ਰਾਜਧਾਨੀ ਤੇ ਉਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਮਚਿਆ ਹੋਇਆ ਸੀ, ਉਸ ਦਾ ਬਿਆਨ ਨਾ ਕਰਨਾ ਹੀ ਬਿਹਤਰ ਹੈ। ਰਾਜ ਬਦਲੀ ਦੀਆਂ ਘਟਨਾਵਾਂ ਨਾਲ ਮੁਗਲ ਰਾਜ ਦੇ ਅਹਿਲਕਾਰਾਂ ਨੇ ਜਿਹੜੇ ਰੰਗ ਬਦਲੇ ਉਨ੍ਹਾਂ ਦਾ ਵਰਨਣ ਕਰਦੇ ਹੋਏ ਬੁੱਧ ਸਿੰਘ ਅਰੋੜਾ ਦੱਸਦਾ ਹੈ, ਉਸ ਗਰੋਹ (ਸਿੱਖਾਂ) ਨੂੰ ਸੱਤਾ ਇਸ ਹੱਦ ਤੱਕ ਪ੍ਰਾਪਤ ਹੋ ਗਈ ਕਿ ਸਭ ਹਿੰਦੂ ਤੇ ਮੁਸਲਮਾਨ, ਸੁਲਤਾਨ ਦੀ ਤਾਬਿਆਦਾਰੀ ਤੋਂ ਨੱਸ ਗਏ ਅਤੇ ਉਨ੍ਹਾਂ (ਸਿੱਖਾਂ) ਦੀ ਤਾਬਿਆਦਾਰੀ ਕਬੂਲ ਕਰ ਲਈ। ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਦੀ ਫ਼ਤਹਿ ਮੁਗਲ ਰਾਜ ਪਲਟੇ ਦੀ ਮਹੱਤਵਪੂਰਨ ਘਟਨਾ ਸੀ। ਸ੍ਰ.ਬਾਜ ਸਿੰਘ ਨੂੰ ਉਸ ਨੇ ਸਰਹਿੰਦ ਦਾ ਅਤੇ ਹੋਰਨਾਂ ਜਿੱਤੇ ਹੋਏ ਇਲਾਕਿਆਂ ਵਿਚ ਦੂਜੇ ਸਿੱਖ ਜਰਨੈਲਾਂ ਨੂੰ ਹਾਕਮ ਨਿਯੁਕਤ ਕਰਨ ਉਪਰੰਤ ਬੰਦਾ ਸਿੰਘ ਬਹਾਦਰ ਨੇ ਰਾਜ ਦੇ ਵਿਸਤਾਰ ਅਤੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦੇਣਾ ਆਰੰਭ ਕਰ ਦਿੱਤਾ ਸੀ। ਲੋਹਗੜ੍ਹ ਨੂੰ ਖ਼ਾਲਸਾ ਰਾਜ ਦੀ ਪਹਿਲੀ ਰਾਜਧਾਨੀ ਸਥਾਪਤ ਕਰਨ ਉਪਰੰਤ ਉਸ ਨੇ ਇਕ ਸੁਤੰਤਰ ਰਾਜ ਪ੍ਰਬੰਧ ਤੇ ਧਿਆਨ ਕੇਂਦਰਿਤ ਕੀਤਾ ਸੀ।

ਪ੍ਰੋਫੈਸਰ ਤੇ ਮੁਖੀ, ਸਿੱਖ ਵਿਸ਼ਵਕੋਸ਼, ਪੰ.ਯੂ.ਪਟਿਆਲਾ

# ਸ਼ਹੀਦ ਸ੍ਰ.ਊਧਮ ਸਿੰਘ



ਪ੍ਰੋ.ਕੁਲਬੀਰ ਸਿੰਘ*

**ਸ਼ਹੀਦੋਂ ਕੀ ਚਿਤਾਓਂ, ਪੇ ਲਗੇਂਗੇ ਹਰ ਬਰਸ ਮੇਲੇ**
**ਵਤਨ ਪੇ ਮਿਟਨੇ ਵਾਲੋਂ ਕਾ, ਬਾਕੀ ਯਹੀ ਨਿਸ਼ਾਂ ਹੋਗਾ।**



ਮਨੁੱਖੀ ਦਿਲਾਂ, ਮਨੁੱਖੀ ਵਲਵਲਿਆਂ, ਮਨੁੱਖੀ ਅਕੀਦਿਆਂ ਨੂੰ ਟੁੰਬਣ ਵਾਲੇ ਇਹ ਬੋਲ ਜਿਸ ਕਵੀ ਨੇ ਕਹੇ, ਉਸਦੇ ਖਾਬੋ-ਖਿਆਲ ਵਿਚ ਵੀ ਨਹੀਂ ਆਇਆ ਹੋਣਾ ਕਿ ਉਸਦੇ ਆਪਣੇ ਦੇਸ਼ ਵਿਚ ਹੀ ਇਕ ਇਹੋ ਜਿਹਾ ਲਾਸਾਨੀ ਸ਼ਹੀਦ ਹੋਵੇਗਾ, ਜਿਸ ਦੀ ਸੰਸਾਰ ਵਿਚ ਤਰਥੱਲੀ ਮਚਾ ਦੇਣ ਵਾਲੀ ਕੁਰਬਾਨੀ ਨੂੰ ਉਸਦੇ ਆਪਣੇ ਦੇਸ਼ ਦੀ ਸਰਕਾਰ ਹੀ ਅੱਧੀ ਸਦੀ ਅਣਗੌਲਿਆ ਕਰ ਰੱਖੇਗੀ। ਅੰਗਰੇਜ਼ ਜਿਸਦੇ ਰਾਜ ਵਿਚ ਸੂਰਜ ਨਾ ਡੁੱਬਦਾ ਹੋਵੇ, ਉਸਦੇ ਇਕ ਹੈਂਕੜਬਾਜ਼ ਹੁਕਮਰਾਨ ਨੂੰ ਸੱਤ ਸਮੁੰਦਰ ਚੀਰ ਕੇ ਉਸਦੇ ਆਪਣੇ ਹੀ ਘਰ ਵਿਚ ਜਾ ਕੇ ਸ਼ਰ-ਏ-ਆਮ ਭਰੇ ਦਰਬਾਰ, ਦਿਨ-ਦਿਹਾੜੇ, ਇਕ ਭਰੇ ਮੇਲੇ ਵਿਚ ਉਸੇ ਤਰ੍ਹਾਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੋਵੇ, ਜਿਸ ਤਰ੍ਹਾਂ ਭਰੇ ਮੇਲੇ ਵਿਚ ਉਸਨੇ ਹਜ਼ਾਰਾਂ ਨਿਰਦੋਸ਼ਿਆਂ ਨੂੰ ਦਿਨ-ਦਿਹਾੜੇ ਦਾਣਿਆਂ ਵਾਂਗ ਭੁੰਨ ਸੁੱਟਿਆ ਸੀ। ਮਨੁੱਖ ਦੇ ਕਰਤੱਵ ਸੱਚਮੁਚ ਉਦੋਂ ਕੁਦਰਤੀ ਕ੍ਰਿਸ਼ਮਾ ਬਣ ਜਾਂਦੇ ਹਨ, ਜਦੋਂ ਉਹ ਤਨੋ-ਮਨੋ ਆਪਣੇ ਸੰਕਲਪ ਪ੍ਰਤੀ ਇਮਾਨਦਾਰ ਹੋ ਜਾਂਦਾ ਹੈ।

ਸ੍ਰ.ਊਧਮ ਸਿੰਘ ਇਕ ਅਜਿਹਾ ਹੀ ਦ੍ਰਿੜ੍ਹ-ਇਰਾਦੇ ਵਾਲਾ ਸੂਰਬੀਰ ਯੋਧਾ ਸੀ, ਜੋ ਆਪਣੇ ਮਨ ਵਿਚ ਇਹ ਗੱਲ ਪੱਕੀ ਕਰ ਚੁੱਕਿਆ ਸੀ ਕਿ ਇਕ ਦਿਨ ਉਹ ਜ਼ਰੂਰ ਜਲ੍ਹਿਆਂ ਵਾਲੇ ਬਾਗ ਦੇ ਕਤਲ-ਏ-ਆਮ ਦਾ ਬਦਲਾ ਲਵੇਗਾ।

ਸ੍ਰ.ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ.ਨੂੰ ਪੰਜਾਬ ਦੇ ਛੋਟੇ ਜਿਹੇ ਪਿੰਡ ਸੁਨਾਮ ਵਿਖੇ ਮਾਤਾ ਨਰੈਣ ਕੌਰ ਦੀ ਕੁੱਖੋਂ, ਪਿਤਾ ਟਹਿਲ ਸਿੰਘ ਦੇ ਘਰ ਹੋਇਆ। ਉਸਦੇ ਜਨਮ ਤੋਂ ਛੇਤੀ ਬਾਅਦ ਉਸ ਦੀ ਮਾਂ ਸਵਰਗਵਾਸ ਹੋ ਗਈ। ਗਰੀਬ ਪਿਤਾ ਦੇ ਮੋਢਿਆਂ ਤੇ ਆਪਣੇ ਦੋ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਪੈ ਗਈ। ਸ੍ਰ.ਊਧਮ ਸਿੰਘ ਦੇ ਪਿਤਾ ਇਕ ਸਾਧਾਰਨ ਕਿਸਾਨ ਸਨ, ਜੋ ਰੇਲਵੇ ਫਾਟਕ ਤੇ ਨੌਕਰੀ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੇ ਸਨ। ਸ੍ਰ.ਊਧਮ ਸਿੰਘ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ। 1906 ਈ. ਨੂੰ ਪਿਤਾ ਸ੍ਰ.ਟਹਿਲ ਸਿੰਘ ਦੇ ਮਨ ਵਿਚ ਆਇਆ ਕੇ ਉਹ ਆਪਣੇ ਬੱਚਿਆਂ ਨੂੰ ਦੀਵਾਲੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾ ਕੇ ਲਿਆਏ। ਸ੍ਰੀ ਅੰਮ੍ਰਿਤਸਰ ਪੁੱਜ ਕੇ ਸ੍ਰ.ਟਹਿਲ ਸਿੰਘ ਅਚਾਨਕ ਬਿਮਾਰ ਪੈ ਗਿਆ, ਰਾਮ-ਬਾਗ ਹਸਪਤਾਲ ਵਿਚ ਇਕ ਰਾਤ ਗੁਜ਼ਾਰਨ ਤੋਂ ਬਾਅਦ ਉਸਦੀ ਮੌਤ ਹੋ ਗਈ। ਮਾਂ ਪਹਿਲਾਂ ਮਰ ਚੁੱਕੀ ਸੀ। ਦੋਵੇਂ ਭਰਾ ਯਤੀਮ ਹੋ ਗਏ। ਦੋਹਾਂ ਭਰਾਵਾਂ ਨੂੰ ਉਨ੍ਹਾਂ ਦੇ ਦੂਰ ਦੇ ਰਿਸ਼ਤੇਦਾਰ ਰਾਗੀ ਚੰਚਲ ਸਿੰਘ ਸੁਨਾਮ ਨੇ 24 ਅਕਤੂਬਰ, 1907 ਈ.ਨੂੰ ਸੈਂਟਰਲ ਖ਼ਾਲਸਾ ਯਤੀਮਖਾਨਾ ਪੁਤਲੀਘਰ ਸ੍ਰੀ ਅੰਮ੍ਰਿਤਸਰ ਵਿਖੇ ਦਾਖਲ ਕਰਵਾ ਦਿੱਤਾ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸਵੇਰੇ ਚਾਰ ਵਜੇ ਉੱਠਣਾ, ਇਸ਼ਨਾਨ ਕਰਨਾ, ਗੁਰਦੁਆਰਾ ਸਾਹਿਬ ਜਾ ਕੇ ਪਾਠ ਕਰਨਾ ਉਨ੍ਹਾਂ ਦਾ ਨਿੱਤ ਕਰਮ ਸੀ। ਅਚਾਨਕ 1917 ਈ.ਵਿਚ ਉਸਦੇ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਆ ਹੋ ਜਾਣ ਕਾਰਨ ਮੌਤ ਹੋ ਗਈ। ਸ੍ਰ.ਊਧਮ ਸਿੰਘ ਇਕੱਲਾ ਰਹਿ ਗਿਆ। ਜ਼ਿੰਦਗੀ ਵਿਚ ਉਪਜੀਆਂ ਤੰਗੀਆਂ-ਤੁਰਸ਼ੀਆਂ ਨੇ ਉਸ ਨੂੰ ਮਜ਼ਬੂਤ ਦਿਲ ਅਤੇ ਉੱਚੇ ਮਨੋਬਲ ਵਾਲਾ ਇਨਸਾਨ ਬਣਾ ਦਿੱਤਾ। 1718 ਈ.ਵਿਚ ਉਸਨੇ ਦਸਵੀਂ ਜਮਾਤ ਪਾਸ ਕਰ ਲਈ।

ਜਲ੍ਹਿਆਂਵਾਲੇ ਬਾਗ ਦਾ ਹੱਤਿਆਂਕਾਂਡ ਅਤੇ ਬਦਲੇ ਦੀ ਸਹੁੰ: ਸਰ ਮਾਈਕਲ ਉਡਵਾਇਰ 1884 ਈ.ਵਿਚ ਜ਼।ਙ।ਛ ਦਾ ਇਮਤਿਹਾਨ ਪਾਸ ਕਰਨ ਉਪਰੰਤ ਭਾਰਤ ਵਿਚ ਵੱਖ-ਵੱਖ ਅਹੁਦਿਆਂ ਤੇ ਕੰਮ ਕਰਨ ਤੋਂ ਬਾਅਦ ਦਸੰਬਰ 1912 ਈ. ਵਿਚ ਪੰਜਾਬ ਦਾ ਲੈਫਟੀਨੈਂਟ ਗਵਰਨਰ ਨਿਯੁਕਤ ਹੋ ਗਿਆ। 1913 ਈ. ਵਿਚ ਪਹਿਲੀ ਸੰਸਾਰ ਜੰਗ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੂੰ ਵੱਧ ਤੋਂ ਵੱਧ ਸੈਨਿਕਾਂ ਦੀ ਲੋੜ ਸੀ, ਤਾਂ ਜੋ ਦੁਸ਼ਮਣ ਦੇਸ਼ਾਂ ਖਿਲਾਫ ਲੜਿਆ ਜਾ ਸਕੇ। ਮਾਈਕਲ ਉਡਵਾਇਰ ਨੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਤੇ ਭਾਰੀ ਤਸ਼ੱਦਦ ਕਰਕੇ ਉਨ੍ਹਾਂ ਨੂੰ ਜਬਰੀ ਅੰਗਰੇਜ਼ ਸੈਨਾ ਵਿਚ ਭਰਤੀ ਕਰਵਾਇਆ। ਸੰਸਾਰ ਜੰਗ ਲੱਗ ਜਾਣ ਕਰਕੇ ਲੰਡਨ ਬੈਠੀ ਅੰਗਰੇਜ਼ ਸਰਕਾਰ ਦੀ ਹਿੰਦੁਸਤਾਨ ਵਿਚ ਕੰਮ ਕਰ ਰਹੇ ਸਾਰੇ ਹੀ ਅੰਗਰੇਜ਼ ਅਧਿਕਾਰੀਆਂ ਨੂੰ ਇਹ ਸਖਤ ਹਦਾਇਤ ਸੀ ਕਿ ਉਹ ਭਾਰਤੀ ਲੋਕਾਂ ਦੇ ਕਿਸੇ ਵੀ ਤਰ੍ਹਾਂ ਦੇ ਵਿਦਰੋਹ ਜਾਂ ਅੰਦੋਲਨ ਨੂੰ ਸਖ਼ਤੀ ਨਾਲ ਦਬਾਉਣ।



1919 ਈ. ਵਿਚ ਅੰਗਰੇਜ਼ਾਂ ਰੋਲਟ ਐਕਟ (ਞਕਡਰ;ਚਵਜਰਅ਼ਗਖ ਙਗਜਠਕਤ 'ਫਵ) ਬਣਾ ਦਿੱਤਾ, ਇਸ ਐਕਟ ਮੁਤਾਬਕ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਸੀ ਅਤੇ ਗ੍ਰਿਫਤਾਰ ਹੋਣ ਵਾਲੇ ਵਿਅਕਤੀ ਨੂੰ ਅਪੀਲ, ਦਲੀਲ ਅਤੇ ਵਕੀਲ ਦਾ ਅਧਿਕਾਰ ਵੀ ਨਹੀਂ ਸੀ। ਇਸ ਐਕਟ ਦਾ ਨਾਂ ਰੋਲਟ ਐਕਟ ਇਸ ਲਈ ਰੱਖਿਆ ਗਿਆ ਕਿਉਂਕਿ ਇਸ ਐਕਟ ਦੀ ਰੂਪ-ਰੇਖਾ ਬ੍ਰਿਟਿਸ਼ ਜੱਜ ਜ਼ਸਟਿਸ ਰੋਲਟ ਨੇ ਤਿਆਰ ਕੀਤੀ ਸੀ। ਸਾਰੇ ਹਿੰਦੁਸਤਾਨ ਵਿਚ ਇਸ ਨਾਦਰਸ਼ਾਹੀ ਕਾਨੂੰਨ ਖ਼ਿਲਾਫ ਵੱਡੀ ਪੱਧਰ ਤੇ ਰੋਸ ਮੁਜਾਹਰੇ ਹੋਏ। 13 ਅਪ੍ਰੈਲ 1919 ਈ. ਨੂੰ ਵੈਸਾਖੀ ਦਾ ਦਿਨ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਪਿੰਡਾਂ-ਕਸਬਿਆਂ ਤੋਂ ਲੋਕ ਸ੍ਰੀ ਅੰਮ੍ਰਿਤਸਰ ਪੁੱਜੇ ਹੋਏ ਸਨ। ਇਸੇ ਦਿਨ ਹੀ ਜਲ੍ਹਿਆਂ ਵਾਲੇ ਬਾਗ ਦੀ ਹਦੂਦ ਦੇ ਅੰਦਰ ਲੋਕਾਂ ਦੇ ਹਰਮਨ-ਪਿਆਰੇ ਲੀਡਰ ਡਾ.ਸੱਤਿਆਪਾਲ ਅਤੇ ਡਾ.ਕਿਚਲੂ ਦੀ ਗ੍ਰਿਫਤਾਰੀ ਵਿਰੁੱਧ ਇਕ ਵਿਸ਼ਾਲ ਜਲਸਾ ਸੀ। ਡਾ.ਸਿਕੰਦਰ ਸਿੰਘ ਅਨੁਸਾਰ ਜਨਰਲ ਡਾਇਰ ਜੋ ਉਸ ਸਮੇਂ ਸ੍ਰੀ ਅੰਮ੍ਰਿਤਸਰ ਪੁਲਿਸ ਦਾ ਇੰਚਾਰਜ ਸੀ। ਉਹ 50 ਸਿਪਾਹੀਆਂ ਦੀ ਇਕ ਟੁਕੜੀ ਨਾਲ ਬਾਗ ਅੰਦਰ ਦਾਖ਼ਲ ਹੋਇਆ ਅਤੇ ਉਸਨੇ ਨਿਹੱਥੇ ਲੋਕਾਂ ਉਪਰ ਫਾਇਰ ਖੋਲਣ ਦਾ ਹੁਕਮ ਦੇ ਦਿੱਤਾ। ਕੁੱਝ ਹੀ ਪਲਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਹੀਦ ਕਰ ਦਿੱਤੇ ਗਏ। ਸਾਰੇ ਭਾਰਤ ਵਿਚ ਇਸ ਕਤਲ-ਏ-ਆਮ ਖ਼ਿਲਾਫ ਹਾਹਾ-ਕਾਰ ਮੱਚ ਗਈ, ਉਨ੍ਹੀ ਦਿਨੀਂ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਪ੍ਰਬੰਧਕਾਂ ਦੁਆਰਾ ਕੁੱਝ ਸਿਆਣੇ ਵਿਦਿਆਰਥੀਆਂ ਦੀ ਡਿਊਟੀ ਬਾਗ ਵਿਚਲੇ ਜ਼ਖ਼ਮੀਆਂ ਦੀ ਸੇਵਾ ਕਰਨ ਤੇ ਲਗਾਈ ਗਈ। ਸ੍ਰ.ਊਧਮ ਸਿੰਘ ਉਨ੍ਹਾਂ ਵਿਚੋਂ ਇਕ ਸੀ। ਉਸਨੇ ਮੌਤ ਦਾ ਇਹ ਸਾਰਾ ਮੰਜਰ ਆਪਣੇ ਅੱਖੀਂ ਦੇਖਿਆ। ਉਸੇ ਦਿਨ ਹੀ ਉਸਨੇ ਸਹੁੰ ਚੁੱਕ ਲਈ ਕਿ ਉਹ ਇਕ ਦਿਨ ਇਸ ਕਤਲ-ਏ-ਆਮ ਦਾ ਬਦਲਾ ਜ਼ਰੂਰ ਲਵੇਗਾ। ਕੁੱਝ ਸਮੇਂ ਬਾਅਦ ਉਸਨੇ ਯਤੀਮਖਾਨਾ ਛੱਡ ਦਿੱਤਾ। ਉਸਨੇ ਕ੍ਰਾਂਤੀਕਾਰੀਆਂ ਨਾਲ ਆਪਣੇ ਸੰਬੰਧ ਸਥਾਪਿਤ ਕਰ ਲਏ। 1928 ਈ. ਨੂੰ ਸਿਟੀ ਕੋਤਵਾਲ ਪੁਲਿਸ ਸ੍ਰੀ ਅੰਮ੍ਰਿਤਸਰ ਦੁਆਰਾ ਥਾਣੇਦਾਰ ਸੱਯਦ ਸਰਕਾਰ ਅਲੀਧਾਰ ਦੀ ਅਗਵਾਈ ਹੇਠ ਉਸਨੂੰ ਗ੍ਰਿਫਤਾਰ ਕੀਤਾ ਗਿਆ। ਐਫ.ਆਈ.ਆਰ ਨੰਬਰ 327/139 ਤਹਿਤ ਉਸ ਖਿਲਾਫ ਨਜਾਇਜ਼ ਹਥਿਆਰ ਰੱਖਣ ਅਤੇ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਭਾਗ ਲੈਣ ਕਰਕੇ ਕੇਸ ਦਰਜ ਕੀਤਾ ਗਿਆ। ਇਸ ਕੇਸ ਵਿਚ ਉਸਨੂੰ ਪੰਜ ਸਾਲ ਸਜ਼ਾ ਹੋਈ। 1933 ਈ. ਵਿਚ ਸ੍ਰ.ਊਧਮ ਸਿੰਘ ਜੇਲ੍ਹ ਵਿਚੋਂ ਰਿਹਾਅ ਹੋ ਗਿਆ। 1933 ਈ. ਤੋ ਲੈ ਕੇ 1940 ਈ. ਤੱਕ ਊਧਮ ਸਿੰਘ ਆਪਣੇ ਮਕੋਂਦ ਦੀ ਕਾਮਯਾਬੀ ਲਈ ਵੱਖ-ਵੱਖ ਵਿਊਂਤਾਂ ਘੜਦਾ ਰਿਹਾ। ਓਜਠਕਤ ਰਾਿ :ਰਅਦਰਅ ਦੇ 12 ਮਾਰਚ, 1940 ਈ. ਦੇ ਹਵਾਲੇ ਅਨੁਸਾਰ ਉਸਨੇ ਪੜ੍ਹਿਆ ਕਿ 13 ਮਾਰਚ ਨੂੰ ਲੰਡਨ ਦੇ ਕੈਕਸਟਨ ਙਰਘਵਰਅ ਹਾਲ ਵਿਚ ਇਕ ਮੀਟਿੰਗ ਹੈ ਜਿਸ ਵਿਚ ਜਨਰਲ ਉਡਵਾਇਰ ਭਕਅਗ਼; + ਣਮਖਕਗ ਸ਼ਾਮਿਲ ਹੋਵੇਗਾ। ਨਿਸ਼ਚਿਤ ਦਿਨ ਸ਼ਾਮ ਸਾਢੇ ਚਾਰ ਵਜੇ ਕੈਕਸਟਨ ਹਾਲ ਸਰੋਤਿਆਂ ਨਾਲ ਖਚਾ-ਖਚ ਭਰਿਆ ਹੋਇਆ ਸੀ। ਸਟੇਜ਼ ਉਪੱਰ ਪ੍ਰਧਾਨਗੀ ਕੁਰਸੀ ਤੇ ਲਾਰਡ ਜੇਟਲੈਂਡ ਬੈਠਾ ਸੀ, ਜੋ ਕਿਸੇ ਸਮੇਂ ਭਾਰਤੀ ਰਿਆਸਤਾਂ ਦਾ ਸਕੱਤਰ ਅਤੇ ਬੰਬਈ ਦਾ ਗਵਰਨਰ ਰਹਿ ਚੁੱਕਾ ਸੀ। ਲਾਰਡ ਲਮਿੰਗਟਨ, ਸਰ ਲੁਇਸ ਡੇਕ ਅਤੇ ਮਾਈਕਲ ਉਡਵਾਇਰ ਮੰਚ ਤੇ ਬੈਠੇ ਬੋਲਣ ਵਾਲੇ ਬੁਲਾਰਿਆਂ ਵਿਚ ਸ਼ਾਮਲ ਸਨ। ਲਾਰਡ ਲਮਿੰਗਟਨ ਨੇ ਅਫਗਾਨਿਸਤਾਨ ਬਾਰੇ ਆਪਣਾ ਲੈਕਚਰ ਦਿੱਤਾ। ਜਦ ਮਾਈਕਲ ਉਡਵਾਇਰ ਦੀ ਵਾਰੀ ਆਈ ਤਾਂ ਉਸਨੇ ਬੜੇ ਮਾਣ ਨਾਲ ਆਪਣੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਸ੍ਰ.ਊਧਮ ਸਿੰਘ ਹਾਲ ਵਿਚ ਲੱਗੀਆਂ ਕੁਰਸੀਆਂ ਦੀ ਚੌਥੀ ਲਾਈਨ ਵਿਚ ਖੜਾ ਸੀ। ਸ੍ਰ.ਊਧਮ ਸਿੰਘ ਦਾ ਖੂਨ ਖੋਲ ਉੱਠਿਆ। 21 ਸਾਲਾਂ ਦੀ ਸਖਤ ਘਾਲਣਾ ਤੋਂ ਬਾਅਦ ਅੱਜ ਉਸਦਾ ਉਦੇਸ਼ ਪੂਰਾ ਹੋਣ ਲੱਗਿਆ ਸੀ। ਦੇਰੀ ਨਾ ਕਰਦਿਆਂ ਸ੍ਰ.ਊਧਮ ਸਿੰਘ ਨੇ ਆਪਣੇ ਓਵਰਕੋਟ ਵਿਚੋਂ ਪਿਸਟਲ ਕੱਢਕੇ ਉਡਵਾਇਰ ਵੱਲ ਸਿੱਧੀਆਂ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਪਲਾਂ ਵਿਚ ਹੀ ਉਡਵਾਇਰ ਜ਼ਮੀਨ ਤੇ ਡਿੱਗ ਪਿਆ। ਹਾਲ ਵਿਚ ਖਾਸ ਕਿਸਮ ਦਾ ਸਨਾਟਾ ਛਾ ਗਿਆ। ਹਰ ਪਾਸੇ ਹਾਹਾਕਾਰ ਮੱਚ ਗਈ। ਮੌਕੇ ਤੇ ਮੌਜੂਦ ਸਿਪਾਹੀਆਂ ਨੇ ਸ੍ਰ.ਊਧਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸ ਸਮੇਂ ਸ੍ਰ.ਊਧਮ ਸਿੰਘ ਨੇ ਕਿਹਾ ਕਿ ਵੇਖੋ ਮੇਰਾ ਉਦੇਸ਼ ਪੂਰਾ ਹੋ ਗਿਆ ਹੈ ਮੈ ਭੱਜਾਂਗਾ ਨਹੀਂ, ਤੁਸੀ ਜੋ ਕਰਨਾ ਹੈ ਕਰ ਲਵੋ ਇਸ ਪ੍ਰਸੰਗ ਵਿਚ ਸ੍ਰ.ਕਰਤਾਰ ਸਿੰਘ ਬਲੱਗਣ ਲਿਖਦੇ ਹਨ ਕਿ:

**ਊਧਮ ਸਿੰਘ ਸਰਦਾਰ ਨੇ ਮਾਰ ਗੋਲੀ, ਡਿੱਠਾ ਜਦੋਂ ਮੂਜੀ ਹਿੱਲਣੋ ਰਹਿ ਗਿਆ ਏ।**

**ਲੱਗਾ ਕਹਿਣ ਨੀ ਅਣਖੇ ਪੰਜਾਬ ਦੀਏ, ਤੇਰਾ ਕਰਜ ਮੇਰੇ ਸਿਰ ਤੋਂ, ਲਹਿ ਗਿਆ ਏ।**

31 ਜੁਲਾਈ, 1940 ਈ ਨੂੰ ਪੈਂਟਕਲਵਿਲੇ ਜੇਲ੍ਹ ਵਿਚ ਇਸ ਮਹਾਨ ਵਿਅਕਤੀ ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਇਕ ਸੂਰਬੀਰ ਯੋਧੇ ਨੇ 21 ਵਰ੍ਹੇ ਆਪਣੇ ਸੀਨੇ ਵਿਚ ਸਾਂਭੇ ਉਦੇਸ਼ ਨੂੰ ਪੂਰਾ ਕਰਕੇ ਹਿੰਦੁਸਤਾਨ ਦੀ ਇੱਜ਼ਤ ਲੰਡਨ ਦੀਆਂ ਗਲੀਆਂ ਵਿਚ ਰੁਲਣੋਂ ਬਚਾਈ।

ਜਨਰਲ ਅਟਾਰਨੀ, ਲਾਅ ਬ੍ਰਾਂਚ, ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ

## ਭਾਈ ਵੀਰ ਸਿੰਘ ਜੀ ਦੀ ਵਿਸ਼ਵ ਭਰ ਵਿਚ ਮਨਾਈ ਗਈ 66ਵੀਂ ਬਰਸੀ
## ਡਾ. ਨਿੱਜਰ ਨੇ ਪੰਜਾਬ ਦੇ ਪ੍ਰਦੂਸ਼ਤ ਹੋ ਰਹੇ ਪਉਣ ਪਾਣੀ, ਪਰਾਲੀ ਸਾੜਨ, ਪੰਜਾਬੀ ਭਾਸ਼ਾ ਪ੍ਰਤੀ ਵੱਧ ਰਹੀ ਬੇਰੁਖੀ ਅਤੇ ਨੌਜੁਆਨ ਪੀੜ੍ਹੀ ਦਾ ਵਿਦੇਸ਼ਾਂ ਵੱਲ ਕੂਚ ਕਰਨ ਦੀ ਰੁਚੀ ਤੇ ਪ੍ਰਗਟਾਈ ਚਿੰਤਾ







ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਤੇ ਗੁਰਮਤਿ ਸਾਹਿਤ ਤੇ ਇਤਿਹਾਸ ਨੂੰ ਸਮਕਾਲ ਦੀਆਂ ਲੋੜਾਂ ਅਨੁਸਾਰ ਪ੍ਰਚਾਰਨ ਤੇ ਪ੍ਰਸਾਰਨ ਵਾਲੇ, ਭਾਈ ਵੀਰ ਸਿੰਘ ਜੀ ਦਾ 66ਵਾਂ ਸੱਚ-ਖੰਡ ਪਿਆਨਾ ਦਿਵਸ, ਵਿਸ਼ਵਭਰ ਦੇ ਪੰਜਾਬੀਅਤ ਨੂੰ ਪਿਆਰਨ ਵਾਲਿਆਂ ਨੇ ਮਨਾਉਂਦਿਆਂ ਉਨ੍ਹਾਂ ਵਲੋਂ ਆਪਣੀ 85 ਸਾਲਾ ਜੀਵਨ-ਯਾਤਰਾ ਸਮੇਂ ਪੰਜਾਬੀ ਸਾਹਿਤ ਦੀਆਂ ਬਹੁਬਿਧ ਵਿਧਾਵਾਂ ਨੂੰ ਆਧੁਨਿਕ ਮੁਹਾਵਰੇ ਵਿਚ ਆਪਣੀਆਂ ਲਿਖਤਾਂ ਰਾਹੀਂ ਲੋਕ-ਚੇਤਨਾ ਦਾ ਅਟੁਟ ਅੰਗ ਬਣਾਉਣ, ਗੁਰਮਤਿ ਸਾਹਿਤ ਅਤੇ ਕੁੱਦਰਤ ਦੇ ਲੌਕਿਕ ਨਜ਼ਾਰੇ ਦਰਸਾਕੇ ਵਾਤਾਵਰਣ ਨੂੰ ਸੁਧ ਰੱਖਣ ਲਈ ਜਾਗਰੂਕ ਕਰਨ ਵਾਲੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ।

ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿਲੀ ਵਿਖੇ ਭਾਈ ਵੀਰ ਸਿੰਘ ਜੀ ਦੀ 66 ਵੀਂ ਬਰਸੀ ਸਮੇਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਭਾਈ ਵੀਰ ਸਿੰਘ ਜੀ ਨੂੰ ਸਰਧਾਂਜਲੀ ਅਰਪਨ ਕਰਦਿਆਂ ਦਸਿਆ ਕਿ ਭਾਈ ਸਾਹਿਬ ਵਲੋ ਆਪਣੇ ਜੀਵਨ-ਕਾਲ ਵਿਚ ਸਿੱਖੀ ਸਿੱਖਿਆ, ਪੰਜਾਬੀ ਸਾਹਿਤ, ਸਮਾਜਿਕ ਤੇ ਆਰਥਿਕ ਸੇਵਾਵਾਂ ਦੀ ਉਸਾਰੀ ਲਈ ਕੀਤੇ ਕਾਰਜ ਬਹੁਤ ਮੁਲਵਾਨ ਤੇ ਅਜੋਕੀਆਂ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਮਸਿਆਵਾਂ ਨੂੰ ਹਲ ਕਰਨ ਲਈ ਹਰ ਪਖੋਂ ਠੀਕ ਤੇ ਪ੍ਰਸੰਗਕ ਸੇਧ ਪ੍ਰਦਾਨ ਕਰਨ ਵਾਲੇ ਹਨ ਜਿਨ੍ਹਾਂ ਨੂੰ ਸਦੀਵਕਾਲ ਯਾਦ ਰਖਿਆ ਜਾਵੇਗਾ। ਡਾ.ਨਿੱਜਰ ਨੇ ਭਾਈ ਵੀਰ ਸਿੰਘ ਜੀ ਦੀ ਲਾਸਾਨੀ ਦੇਣ ਨੂੰ ਯਾਦ ਕਰਦਿਆਂ ਅਜੋਕੇ ਸਮੇਂ ਪੰਜਾਬ ਦੇ ਪ੍ਰਦੂਸਤ ਹੋ ਰਹੇ ਪਉਣ ਪਾਣੀ, ਪਰਾਲੀ ਸਾੜਨ, ਪੰਜਾਬੀ ਭਾਸ਼ਾ ਪ੍ਰਤੀ ਵਧ ਰਹੀ ਬੇਰੁਖੀ ਅਤੇ ਨੌਜੁਆਨਾਂ ਵਲੋਂ ਵਿਦੇਸ਼ਾਂ ਵਲ ਕੂਚ ਕਰਨ ਤੇ ਚਿੰਤਾ ਪ੍ਰਗਟਾਈ।

ਇਸ ਅਵਸਰ ਤੇ ਡਾ.ਨਿੱਜਰ ਨੇ ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਨ ਨੂੰ ਸਮਰਪਿਤ 67ਵੀਂ ਵਿਦਿਅਕ ਕਾਨਫਰੰਸ ਦੇ ਸੋਵੀਨਰ ਅਤੇ ਖਾਲਸਾ ਐਡਵੋਕੇਟ ਦੇ ਵਿਸ਼ੇਸ਼ ਅੰਕ ਦੀ ਇਕ ਇਕ ਕਾਪੀ ਸਾਬਕਾ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਜੀ ਦੀ ਧਰਮ ਪਤਨੀ ਸ਼੍ਰੀਮਤੀ ਗੁਰਸ਼ਰਨ ਕੌਰ ਅਤੇ ਸਦਨ ਦੇ ਡਾਇਰੈਕਟਰ ਸ੍ਰ.ਮਹਿੰਦਰ ਸਿੰਘ ਨੂੰ ਭੇਂਟ ਕੀਤੀ। ਏਸੇ ਤਰ੍ਹਾਂ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਵੀਰ ਸਿੰਘ ਜੀ ਦੀ 66ਵੀਂ ਬਰਸੀ ਨੂੰ ਸਮਰਪਿਤ ਖਾਲਸਾ ਸਮਾਚਾਰ ਦਾ ਵਿਸ਼ੇਸ਼ ਅੰਕ ਜਾਰੀ ਕਰਦਿਆਂ ਇਸ ਦੀ ਪਹਿਲੀ ਕਾਪੀ ਡਾ.ਨਿੱਜਰ ਨੂੰ ਪੇਸ਼ ਕੀਤੀ। ਡਾ.ਨਿੱਜਰ ਨੇ ਇਸ ਸਮੇਂ ਸਦਨ ਵਲੋਂ ਪ੍ਰਕਾਸ਼ਤ ਨਵੀਆਂ ਪ੍ਰਕਾਸ਼ਨਾਵਾਂ ਵੀ ਰਲੀਜ਼ ਕੀਤੀਆਂ। ਸਦਨ ਦੇ ਮੀਤ ਪ੍ਰਧਾਨ ਸ੍ਰ.ਹਰਚਰਨ ਸਿੰਘ ਨਾਗ ਨੇ ਭਾਈ ਵੀਰ ਸਿੰਘ ਲੇਖ ਮੁਕਾਬਲਿਆਂ ਦੇ ਜੇਤੂ ਬਚਿਆਂ ਨੂੰ ਨਕਦ ਰਾਸ਼ੀ ਤੇ ਸਨਮਾਨ ਚਿੰਨ ਇਨਾਮ ਵਜੋਂ ਦਿੱਤੇ।

## ਦੀਵਾਨ ਵੱਲੋਂ ਡਾਕਟਰ ਨਿੱਜਰ ਦੀ ਮੰਤਰੀ ਵੱਲੋਂ ਨਿਭਾਈ ਸੇਵਾ ਦੀ ਭਰਪੂਰ ਸ਼ਲਾਘਾ
## ਸਿੱਖੀ-ਸਿੱਖਿਆ ਦੇ ਵਿਕਾਸ ਲਈ ਡਾ.ਨਿੱਜਰ ਦੀਆਂ ਸੇਵਾਵਾਂ ਮੁੜ ਲੈਣ ਲਈ ਮੁੱਖ ਮੰਤਰੀ ਮਾਨ ਨੂੰ ਸੁਝਾਅ



ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕਾਰਜ-ਸਾਧਕ ਕਮੇਟੀ ਦੀ ਮੀਟਿੰਗ ਵਿਚ ਸ੍ਰ.ਜਗਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਪ੍ਰੋ.ਪੂਰਨ ਸਿੰਘ ਜੀ ਦੇ ਸ਼ਬਦਾਂ ਅਨੁਸਾਰ ਪੰਜਾਬ ਜਿਉਂਦਾ ਗੁਰਾਂ ਦੇ ਨਾ ਤੇ ਦੇ ਸਨਮੁੱਖ ਪੰਜਾਬ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਦਾ ਕੇਂਦਰੀ ਧੁਰਾ ਸਰਬ-ਸਾਂਝੀ ਗੁਰਬਾਣੀ ਅਤੇ ਸਰਬਤ ਦਾ ਭੱਲਾ ਮੰਗਣ ਵਾਲੇ ਸਿੱਖ ਸਿਧਾਂਤ ਹਨ ਜਿੰਨਾਂ ਦੀ ਪੈਰਵਾਈ ਕਰਦਿਆਂ ਪੰਜਾਬ ਦਾ ਹੀ ਨਹੀਂ ਸਮੁੱਚੀ ਮਾਨਵਤਾ ਦਾ ਵਿਕਾਸ ਕੀਤਾ ਜਾ ਸਕਦਾ ਹੈ। ਪੰਜਾਬੀਆਂ ਲਈ ਮਾਨ ਵਾਲੀ ਗੱਲ ਸੀ ਕਿ ਪੰਜਾਬ ਸਰਕਾਰ ਵਿਚ ਗੁਰਸਿੱਖ ਪਰਿਵਾਰ ਨਾਲ ਜੁੜੇ ਇਕ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਸਨ ਜੋ ਉਚ ਪਾਏ ਦੇ ਪੜ੍ਹੇ ਲਿਖੇ ਹੋਣ ਕਾਰਨ ਮਾਨਵ ਸਮਾਜ ਦੀਆਂ ਧਾਰਮਿਕ, ਸਮਾਜਿਕ, ਵਿਦਿਅਕ ਅਤੇ ਰਾਜਨੀਤਕ ਸਮਸਿਆਵਾਂ ਨੂੰ ਭੱਲੀਭਾਂਤ ਸਮਝਦੇ ਅਤੇ ਸਮਝਾਉਂਦੇ ਸਨ। ਪਰ ਉਹਨਾਂ ਵੱਲੋਂ ਪੰਜਾਬ ਮੰਤਰੀ ਮੰਡਲ ਤੋਂ ਦਿੱਤਾ ਗਿਆ ਅਸਤੀਫਾ ਸਮੁੱਚੇ ਪੰਜਾਬੀਆਂ ਲਈ ਅਸਹਿ ਹੈ। ਇਸ ਮੀਟਿੰਗ ਵਿਚ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਚੀਫ਼ ਖ਼ਾਲਸਾ ਦੀਵਾਨ ਦੇ ਵਿਕਾਸ ਲਈ ਕੀਤੇ ਅਣਥਕ ਯਤਨਾਂ ਅਤੇ ਮੰਤਰੀ ਵਜੋਂ ਦਿੱਤੇ ਗਏ ਸਹਿਯੋਗ ਲਈ ਅਤੇ ਰਾਜਨੀਤਿਕ ਖੇਤਰ ਵਿਚ ਕੈਬਨਿਟ ਮੰਤਰੀ ਵਜੋਂ ਨਿਭਾਇਆ ਗਈਆਂ ਸੇਵਾਵਾਂ ਦੀ ਭਰਪੂਰ ਪ੍ਰੰਸਸਾ ਕੀਤੀ। ਸਮੂਹ ਮੈਂਬਰ ਸਾਹਿਬਾਨ ਵੱਲੋਂ ਡਾ.ਇੰਦਰਬੀਰ ਸਿੰਘ ਨਿੱਜਰ ਦੇ ਕੰਮਾਂ ਦੀ ਪ੍ਰਸੰਸਾ ਕਰਦਿਆਂ ਡਾ.ਨਿੱਜਰ ਨੂੰ ਪੰਜਾਬ ਦੇ ਖਾਸਕਰ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਲਈ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਦੇ ਯਤਨ ਜਾਰੀ ਰੱਖਣ ਦੀ ਬੇਨਤੀ ਕੀਤੀ ਗਈ ਤਾਂ ਜੋ ਉਹ ਆਪਣੇ ਵਿਕਾਸ ਕਾਰਜਾਂ ਦੀ ਸੰਪੂਰਨਤਾ ਦੇ ਸੁਪਨਿਆਂ ਨੂੰ ਸਾਕਾਰ ਕਰ ਸਕਣ। ਦੀਵਾਨ ਦੇ ਮੈਂਬਰਜ਼ ਸਾਹਿਬਾਨ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰ.ਭਗਵੰਤ ਸਿੰਘ ਮਾਨ ਨੂੰ ਸੁਝਾਅ ਦਿੱਤਾ ਕਿ ਉਹ ਸਿੱਖੀ, ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਅਤੇ ਪੰਜਾਬ ਦੇ ਵਿਕਾਸ ਲਈ ਡਾ.ਨਿੱਜਰ ਦੀਆਂ ਕੈਬਨਿਟ ਵਿਚ ਮੁੜ ਤੋ ਸੇਵਾਵਾਂ ਪ੍ਰਾਪਤ ਕਰਨ ਦਾ ਉਪਰਾਲਾ ਕਰਨ।

ਇਸ ਮੀਟਿੰਗ ਵਿਚ ਸਰਪ੍ਰਸਤ ਸ੍ਰ.ਰਾਜਮਹਿੰਦਰ ਸਿੰਘ ਮਜੀਠਾ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰਾਂ ਵਿਚ ਸ਼ਾਮਲ ਸ੍ਰ.ਜਸਪਾਲ ਸਿੰਘ ਢਿੱਲੋਂ, ਪ੍ਰੋ.ਵਰਿਆਮ ਸਿੰਘ, ਸ੍ਰ.ਹਰਜੀਤ ਸਿੰਘ ਤਰਨਤਾਰਨ, ਸ੍ਰ.ਇੰਦਰਪ੍ਰੀਤ ਸਿੰਘ ਅਨੰਦ, ਸ੍ਰ.ਗੁਰਿੰਦਰ ਸਿੰਘ ਲੋਹੇਵਾਲੇ, ਪ੍ਰੋ.ਹਰੀ ਸਿੰਘ, ਡਾ.ਜਸਵਿੰਦਰ ਸਿੰਘ ਢਿੱਲੋਂ, ਬੀਬੀ ਕਿਰਨਜੋਤ ਕੌਰ ਆਦਿ ਮੈਂਬਰ ਸਾਹਿਬਾਨ ਹਾਜ਼ਰ ਸਨ।



ਖ਼ਬਰਨਾਮਾ

## ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਗੁਰਮਤਿ ਸਿਖਲਾਈ ਕੈਂਪ







ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਚਾਰ ਰੋਜ਼ਾ ਕਿਵ ਸਚਿਆਰਾ ਹੋਈਐ ਗੁਰਮਤਿ ਸਿਖਲਾਈ ਕੈਂਪ ਸ੍ਰੀ ਫ਼ਤਹਿਗੜ੍ਹ ਸਾਹਿਬ ਸਰਹੰਦ ਵਿਖੇ ਲਗਾਇਆ ਗਿਆ। ਇਹ ਕੈਂਪ ਮਿਤੀ 3 ਜੂਨ 2023 ਤੋਂ ਆਰੰਭ ਕੀਤਾ ਗਿਆ ਅਤੇ 6 ਜੂਨ 2023 ਤੱਕ ਇਸ ਗੁਰਮਤਿ ਸਿਖਲਾਈ ਕੈਂਪ ਵਿਚ ਵਿਦਿਆਰਥੀਆਂ ਨੂੰ ਅੰਮ੍ਰਿਤ ਵੇਲੇ ਜਾਗਣ, ਨਿਤਨੇਮ ਕਰਨ, ਸ਼ਾਮ ਨੂੰ ਸੋਦਰੁ ਰਹਿਰਾਸਿ ਸਾਹਿਬ ਤੇ ਸੌਣ ਸਮੇਂ ਕੀਰਤਨ ਸੋਹਿਲਾ ਕਰਨ ਦੀ ਸਿਖਲਾਈ ਦਿੱਤੀ ਗਈ। ਇਸ ਕੈਂਪ ਵਿਚ ਚੀਫ਼ ਖ਼ਾਲਸਾ ਦੀਵਾਨ ਦੇ 21 ਸਕੂਲਾਂ ਦੇ ਲਗਭਗ 150 ਵਿਦਿਆਰਥੀਆਂ ਅਤੇ 40 ਅਧਿਆਪਕ ਸਾਹਿਬਾਨ ਨੇ ਹਿੱਸਾ ਲਿਆ। ਇਸ ਕੈਂਪ ਵਿਚ ਵਿਦਿਆਰਥੀਆਂ ਨੂੰ ਨਾਮਵਰ ਵਿਦਵਾਨਾਂ ਦੇ ਰੂਬਰੂ ਵੀ ਕਰਵਾਇਆ ਗਿਆ। ਕੈਂਪ ਦੀ ਆਰੰਭਤਾ ਕਰਦਿਆਂ ਹੋਇਆਂ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿਘ ਨੇ ਵਿਦਿਆਰਥੀਆਂ ਨੂੰ ਕੌਮ ਦੇ ਮਹਾਨ ਸ਼ਹੀਦਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਇਹਨਾਂ ਦੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਨਾ ਕੀਤੀ। ਪ੍ਰੋ.ਵਰਿਆਮ ਸਿੰਘ ਨੇ ਗੁਰਮਤਿ ਕੈਂਪ ਦੇ ਅਰਥ ਭਾਵ ਦੱਸੇ ਅਤੇ ਅਜਿਹੇ ਗੁਰਮਤਿ ਕੈਂਪਾਂ ਨੂੰ ਜੀਵਨ ਨੂੰ ਸਹੀ ਸੇਧ ਦੇਣ ਵਾਲੇ ਰਾਹ ਦਰਸਾਊ ਮਾਰਗ ਦੱਸਿਆ। ਡਾ.ਸੁਬੇਗ ਸਿੰਘ ਨੇ ਵਿਦਿਆਰਥੀਆਂ ਨੂੰ ਕੇਸਾਂ ਦੀ ਮਹੱਤਤਾ ਦੇ ਵਿਗਿਆਨਕ ਪੱਖ ਤੋਂ ਜਾਣੂ ਕਰਵਾਉਂਦਿਆਂ ਗੁਰੂ ਸਾਹਿਬ ਜੀ ਵੱਲੋਂ ਦਿੱਤੇ ਉਪਦੇਸ਼ ਸਾਬਤ ਸੂਰਤ ਦਸਤਾਰ ਸਿਰਾ ਦੀ ਸ਼ਲਾਘਾ ਕੀਤੀ। ਕੈਂਪ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿਚ ਪ੍ਰੋ.ਹਰਦੇਵ ਸਿੰਘ (ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ) ਨੇ ਵਿਦਿਆਰਥੀਆਂ ਨੂੰ ਕਿਵ ਸਚਿਆਰਾ ਹੋਈਐ ਵਿਸ਼ੇ ਤੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਸਚਿਆਰ ਮਨੁੱਖ ਬਨਣ ਲਈ ਪ੍ਰੇਰਿਤ ਕੀਤਾ। ਸਿੱਖ ਧਰਮ ਦਰਪੇਸ਼ ਆ ਰਹੀਆਂ ਚੌਤੀਆਂ ਅਤੇ ਹੱਲ ਵਿਸ਼ੇ ਤੇ ਗੁਰਮਤਿ ਪ੍ਰਸਾਰ ਟਰੇਨਿੰਗ ਇੰਸਟੀਚਿਊਟ ਮੰਡੀ ਖਰੜ ਦੇ ਵਾਇਸ ਪ੍ਰਿੰਸੀਪਲ ਹਰਵੀਰ ਸਿੰਘ ਨੇ ਗੱਲਬਾਤ ਕੀਤੀ।

ਦੂਜੇ ਸੈਸ਼ਨ ਵਿਚ ਪੰਜ ਖੰਡ ਅਧਿਆਤਮਕ ਪੰਜ ਪੜਾਅ ਵਿਸ਼ੇ ਉਪਰ ਵਿਚਾਰ ਕਰਦਿਆਂ ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਚੰਡੀਗੜ੍ਹ ਨੇ ਵਿਦਿਆਰਥੀਆਂ ਨੂੰ ਜਪੁਜੀ ਸਾਹਿਬ ਅਨੁਸਾਰ ਜੀਵਨ ਦਾ ਸਹੀ ਭੇਤ ਸਮਝਾਇਆ। ਕੈਂਪ ਦੇ ਤੀਜੇ ਦਿਨ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ ਦੇ ਮੀਤ ਗ੍ਰੰਥੀ ਗਿਆਨੀ ਅਜਮੇਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ ਵਿਸ਼ੇ ਤੇ ਵਿਚਾਰ ਕਰਦਿਆਂ ਦੱਸਿਆ ਕਿ ਜੋ ਵੀ ਮਨੁੱਖ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਮੰਨਦਾ ਹੈ, ਉਸ ਲਈ ਅੰਮ੍ਰਿਤਪਾਨ ਕਰਨਾ ਗੁਰੂ ਜੀ ਦਾ ਪਹਿਲਾ ਹੁਕਮ ਹੈ। ਇਸ ਕੈਂਪ ਦੌਰਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ ਦੇ ਮੁੱਖ ਸੇਵਾਦਾਰ ਸ੍ਰ.ਗੁਰਦੀਪ ਸਿੰਘ ਕੰਗ ਨੇ ਵਿਦਿਆਰਥੀਆਂ ਨੂੰ ਮਾਤਾ ਪਿਤਾ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੇ ਆਗਿਆਕਾਰੀ ਰਹਿਣ ਦਾ ਵੱਲ ਸਮਝਾਇਆ। ਥੈਂਪ ਵਿਚ ਸ਼ਾਮਲ ਵਿਦਿਆਰਥੀਆਂ ਨੂੰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਵਾਏ ਗਏ। ਭਾਈ ਟੋਡਰ ਮੱਲ ਦੀ ਹਵੇਲੀ ਦੀ ਯਾਤਰਾ ਸਮੇਂ ਉਨ੍ਹਾਂ ਦੀ ਮਹਾਨ ਕੁਰਬਾਨੀ ਤੋਂ ਜਾਣੂ ਕਰਵਾਇਆ ਗਿਆ। ਇਸਦੇ ਨਾਲ ਹੀ ਭਾਈ ਮੋਤੀ ਰਾਮ ਮਹਿਰਾ ਜੀ ਦੀ ਲਾਸਾਨੀ ਸੇਵਾ ਅਤੇ ਪਰਿਵਾਰ ਦੀ ਕੁਰਬਾਨੀ ਬਾਰੇ ਦੱਸਿਆ ਗਿਆ। ਕੈਂਪ ਦੌਰਾਨ ਵਿਦਿਆਰਥੀਆਂ ਤੋਂ ਸਾਹਿਬਜ਼ਾਦਿਆਂ ਦੇ ਜੀਵਨ ਤੇ ਇਤਿਹਾਸ ਸੰਬੰਧੀ ਇਕ ਇਮਤਿਹਾਨ ਵੀ ਲਿਆ ਗਿਆ। ਕੈਂਪ ਵਿਚ ਅਤੇ ਇਮਤਿਹਾਨ ਵਿਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਦੇ ਅੰਤ ਵਿਚ ਧਰਮ ਪ੍ਰਚਾਰ ਕਮੇਟੀ ਦੇ ਕੋਆਰਡੀਨੇਟਰ ਬੀਬੀ ਸੁਖਜੀਤ ਕੌਰ ਨੇ ਕੈਂਪ ਵਿਚ ਹਾਜ਼ਰ ਸਾਰੇ ਹੀ ਧਾਰਮਿਕ ਅਧਿਆਪਕ ਸਾਹਿਬਾਨ, ਪ੍ਰਬੰਧਕ ਕਮੇਟੀ ਅਤੇ ਵਿਦਿਆਰਥੀਆਂ ਦਾ ਉਹਨਾਂ ਦੇ ਸਚੁੱਜੇ ਸਹਿਯੋਗ ਲਈ ਧੰਨਵਾਦ ਕੀਤਾ।

ਤਰਨਤਾਰਨ: ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਹਿਬਜ਼ਾਦਿਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 1984 ਦੇ ਸ਼ਹੀਦ ਸਿੱਖਾਂ ਦੀ ਯਾਦ ਵਿਚ ਚਾਰ ਰੋਜ਼ਾ (3-5-23 ਤੋ 6-5-23) ਗੁਰਮਤਿ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਵਧੀਕ ਆਨਰੇਰੀ ਸਕੱਤਰ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ, ਪ੍ਰਧਾਨ ਲੋਕ ਕਮੇਟੀ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਹਰਜੀਤ ਸਿੰਘ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਮਝੇ ਬਿਨ੍ਹਾਂ ਕੀਤੀ ਤਰੱਕੀ ਵਿਅਰਥ ਹੈ। ਮੀਤ ਪ੍ਰਧਾਨ ਲੋਕਲ ਕਮੇਟੀਆਂ ਦੇ ਮੈਂਬਰ ਇੰਚਾਰਜ ਸ੍ਰ.ਗੁਰਿੰਦਰ ਸਿੰਘ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਅਜਿਹੇ ਗੁਰਮਤਿ ਸਮਾਗਮ ਵਿਦਿਆਰਥੀਆਂ ਨੂੰ ਆਪਣੇ ਧਰਮ ਵਿਚ ਪਰਪੱਕ ਰਹਿਣ ਲਈ ਪ੍ਰੇਰਿਤ ਕਰਦੇ ਹਨ। ਮੈਂਬਰ ਇੰਚਾਰਜ ਸ੍ਰ.ਰਣਦੀਪ ਸਿੰਘ ਨੇ ਕਿਹਾ ਕਿ ਇਹ ਬਹੁਤ ਹੀ ਵਧੀਆ ਉਪਰਾਲਾ ਹੈ ਜਿਸ ਨਾਲ ਵਿਦਿਆਰਥੀ ਜਿੰਦਗੀ ਵਿਚ ਸੇਧ ਪ੍ਰਾਪਤ ਕਰ ਸਕਦੇ ਹਨ। ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀ ਆਪਣੇ ਸੱਭਿਆਚਾਰ ਅਤੇ ਇਤਿਹਾਸ ਨਾਲ ਜੁੜੇ ਹੋਣ ਤਾਂ ਸਿੱਖ ਸ਼ਹੀਦਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ। ਅਜਿਹੇ ਗੁਰਮਤਿ ਕੈਂਪ ਆਉਣ ਵਾਲੇ ਭਵਿੱਖ ਵਿਚ ਵੀ ਸਹਾਈ ਸਿੱਧ ਹੋ ਸਕਦੇ ਹਨ। ਝਬਾਲ: ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੀਵਾਨ ਦੇ ਸਕੂਲਾਂ ਦੇ ਵਿਦਿਆਰਥੀਆਂ ਦਾ ਗੁਰਮਤਿ ਸਿਖਲਾਈ ਕੈਂਪ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਲਗਾਇਆ ਗਿਆ। ਜਿਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ 8 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਸਕੂਲ ਦੀਆ ਵਿਦਿਆਰਥਣਾਂ ਤੇਜਿੰਦਰ ਕੌਰ ਅਤੇ ਅਰਮਾਨਦੀਪ ਕੌਰ ਨੇ ਕ੍ਰਮਵਾਰ ਗਰੁੱਪ ਵਾਈਜ਼ ਪਹਿਲਾ ਅਤੇ ਦੂਸਰਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਚਿੱਤਰਕਲਾ ਮੁਕਾਬਲੇ ਵਿਚੋਂ ਨਵਰਾਜ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆ ਭਵਿੱਖ ਵਿਚ ਇਸੇ ਤਰ੍ਹਾਂ ਵੱਧ ਤੋਂ ਵੱਧ ਆਪਣੇ ਧਰਮ ਅਤੇ ਵਿਰਸੇ ਪ੍ਰਤੀ ਜਾਣਕਾਰੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

## ਵਿਦਿਆਰਥੀਆਂ ਨੇ ਮਨਾਇਆ ਵਿਸ਼ਵ ਵਾਤਾਵਰਣ ਦਿਵਸ

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆ ਆਨਲਾਈਨ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਵਾਤਾਵਰਨ ਨੂੰ ਸ਼ੁੱਧ ਅਤੇ ਸਾਫ਼ ਰੱਖਣ ਲਈ ਇਹਨਾਂ ਗਤੀਵਿਧੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਫ਼ਲਦਾਰ ਅਤੇ ਛਾਂਦਾਰ ਬੂਟੇ ਲਗਾਏ। ਦੂਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਖਬਾਰਾਂ ਤੋਂ ਖ਼ੂਬਸੂਰਤ ਬੈਗ ਬਣਾਉਣ 6ਵੀਂ ਤੋ 8ਵੀਂ ਜਮਾਤ ਦੇ ਵਿਦਿਆਰਥੀਆਂ ਨੇ ਫ਼ਜ਼ੂਲ ਵਸਤੂਆਂ ਤੋਂ ਉਪਯੋਗੀ ਚੀਜ਼ਾਂ ਬਣਾਉਣ ਸੀਨੀਅਰ ਵਿਦਿਆਰਥੀਆਂ ਨੇ ਭਾਸ਼ਨ ਪ੍ਰਤੀਯੋਗਤਾ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਅਵਸਰ ਤੇ ਲੋਕਲ ਕਮੇਟੀ ਦੇ ਪ੍ਰਧਾਨ ਸ੍ਰ.ਹਰਜੀਤ ਸਿੰਘ, ਮੀਤ ਪ੍ਰਧਾਨ ਸ੍ਰ.ਗੁਰਿੰਦਰ ਸਿੰਘ ਮੈਂਬਰ ਇੰਚਾਰਜ ਸ੍ਰ.ਰਣਦੀਪ ਸਿੰਘ ਨੇ ਇਸ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਆਪਣੇ ਵਾਤਾਵਰਨ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਜੇਕਰ ਵਾਤਾਵਰਨ ਸ਼ੁੱਧ ਹੋਵੇਗਾ ਤਾਂ ਅਸੀਂ ਵੀ ਤੰਦਰੁਸਤ ਰਹਾਂਗੇ। ਉਹਨਾਂ ਨੇ ਆਪਣੇ ਘਰਾਂ ਵਿਚ ਇਕ ਇਕ ਰੁੱਖ ਲਗਾ ਕੇ ਉਸ ਦੀ ਦੇਖਭਾਲ ਕਰਨ ਲਈ ਪ੍ਰੇਰਿਤ ਕੀਤਾ।



## ਝਬਾਲ ਸਕੂਲ ਵਿਖੇ ਗੁਰਬਾਣੀ ਅਤੇ ਨੈਤਿਕ ਕਦਰਾਂ ਕੀਮਤਾਂ ਸੰਬੰਧੀ ਕਰਵਾਇਆ ਗਿਆ ਸੈਮੀਨਾਰ।

ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਸਹਿਜ ਪਾਠ ਸੰਸਥਾ ਸ੍ਰੀ ਸਹਿਜ ਪਾਠ ਸੇਵਾ ਲਹਿਰ ਦੇ ਮੁਖ ਬੁਲਾਰੇ ਸ੍ਰ.ਰਾਜਪਾਲ ਸਿੰਘ ਨੇ ਸਕੂਲ ਦੇ ਸੱਤਵੀਂ, ਅੱਠਵੀਂ, ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਨੌਜੁਆਨ ਪੀੜ੍ਹੀ ਵਿਚ ਆ ਰਹੀ ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ ਦਾ ਅਹਿਸਾਸ ਕਰਵਾਉਂਦਿਆਂ ਗੁਰਬਾਣੀ ਦੀਆ ਪੰਗਤੀਆਂ ਰਾਹੀਂ ਸਮਝਾਇਆ। ਉਹਨਾਂ ਨੇ ਬੱਚਿਆਂ ਨੂੰ ਹਿੰਮਤ, ਸਿਦਕ, ਭਰੋਸੇ ਦਾ ਪੱਲਾ ਫੜਨ ਤੇ ਸਹਿਜ ਪਾਠ ਕਰਕੇ ਸਚਿਆਰ ਮਨੁੱਖ ਬਣਨ ਲਈ ਪ੍ਰੇਰਿਤ ਕੀਤਾ। ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ ਦੇ ਆਗਿਆਕਾਰ ਬਣਨ ਅਤੇ ਨਸ਼ਿਆਂ ਤੋਂ ਦੂਰ ਰਹਿੰਦਿਆਂ ਹੋਇਆ ਸਮੇਂ ਦੀ ਮੰਗ ਅਨੁਸਾਰ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ ਤੇ ਸਮਝਣ ਲਈ ਤਾਕੀਦ ਕੀਤੀ। ਇਸ ਸਮੇਂ ਸਕੂਲ ਦਾ ਸਟਾਫ਼ ਹਾਜ਼ਰ ਸੀ।



## ਦੀਵਾਨ ਵਲੋਂ ਪਾਕਿ ਸਿੱਖਾਂ ਤੇ ਵੱਧ ਰਹੇ ਕਾਤਲਾਨਾ ਹਮਲਿਆਂ ਪ੍ਰਤੀ ਚਿੰਤਾ ਦਾ ਪ੍ਰਗਟਾਵਾ

ਚੀਫ਼ ਖ਼ਾਲਸਾ ਦੀਵਾਨ ਵਲੋਂ ਪਾਕਿਸਤਾਨ ਦੇ ਪਖ਼ਤੂਨਖ਼ਵਾ ਸੂਬੇ ਦੇ ਪਿਸ਼ਾਵਰ ਸ਼ਹਿਰ ਵਿਚ ਸਿੱਖ ਕਾਰੋਬਾਰੀ ਸ੍ਰ.ਮਨਮੋਹਨ ਸਿੰਘ ਦੀ ਕੁੱਝ ਕੱਟੜਪੰਥੀਆਂ ਵਲੋਂ ਗੋਲੀਆ ਮਾਰ ਕੇ ਹੱਤਿਆ ਕਰਨ ਦੀ ਘਟਨਾ ਨੂੰ ਬਹੁਤ ਹੀ ਮੰਦਭਾਗਾ ਅਤੇ ਦੁੱਖਦਾਈ ਕਰਾਰ ਦਿੱਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਆਨਰੇਰੀ ਜੁਆਇੰਟ ਸਕੱਤਰ/ ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਸਾਂਝੇ ਤੌਰ ਤੇ ਦੁੱਖ ਪ੍ਰਗਟ ਕਰਦਿਆਂ ਪਾਕਿਸਤਾਨ ਵਿਖੇ ਹਮਲਾਵਰਾਂ ਵੱਲੋਂ ਪਿਛਲੇਂ ਦੋ ਦਿਨਾਂ ਵਿਚ ਵੱਖ-ਵੱਖ ਹਮਲਿਆਂ ਦੌਰਾਨ ਦੋ ਸਿੱਖਾਂ ਨੂੰ ਗੋਲੀਆਂ ਮਾਰਕੇ ਦਹਿਸ਼ਤ ਫੈਲਾਉਣਾ ਗਹਿਰੀ ਚਿੰਤਾ ਦਾ ਵਿਸ਼ਾ ਦੱਸਿਆ। ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਸਾਂਝੇ ਤੌਰ ਤੇ ਕਿਹਾ ਕਿ ਪਾਕਿ ਅੱਤਵਾਦੀ ਸੰਗਠਨਾਂ ਵੱਲੋਂ ਦਿਨ-ਦਿਹਾੜੇ ਸਿੱਖ ਨੌਜੁਆਨ ਦਾ ਕਤਲ ਕਰਕੇ ਸਰੇਆਮ ਇਸ ਕਤਲ ਦੀ ਜ਼ਿੰਮੇਵਾਰੀ ਲੈਣਾ ਪਾਕਿਸਤਾਨ ਪੁਲਿਸ ਦਾ ਦੋਸ਼ੀਆਂ ਪ੍ਰਤੀ ਨਰਮ ਰਵੱਈਆ ਪ੍ਰਗਟਾਉਂਦਾ ਹੈ ਜਿਸ ਦੇ ਨਤੀਜੇ ਵਜੋਂ ਆਏ ਦਿਨ ਅਜਿਹੀਆਂ ਦੁੱਖਦਾਈ ਘਟਨਾਵਾਂ ਵੱਧ ਰਹੀਆਂ ਹਨ ਅਤੇ ਜਿਸ ਕਾਰਨ ਪਾਕਿ ਵਿਖੇ ਨਾਨਕ ਪੰਥ ਨਾਲ ਪ੍ਰਣਾਏ ਸਿੱਖਾਂ ਲਈ ਮਾਹੌਲ ਸੁਖਾਵਾਂ ਨਹੀਂ ਹੈ। ਅੱਜ ਵੀ ਪਾਕਿ ਵਿਖੇ ਡਰ ਅਤੇ ਸਹਿਮ ਨਾਲ ਭਰੇ ਸਿੱਖ ਸਾਂਝੇ ਦੇਸ਼ ਦੀ ਵੰਡੀ ਧਰਤੀ ਦਾ ਸੰਤਾਪ ਹੰਢਾ ਰਹੇ ਹਨ। ਉਹਨਾਂ ਨੇ ਕਿਹਾ ਕਿ ਹਰ ਦੇਸ਼ ਦੀ ਸਰਕਾਰ ਦਾ ਮੁੱਢਲਾ ਫਰਜ਼ ਹੁੰਦਾ ਹੈ ਕਿ ਉਹ ਆਪਣੇ ਦੇਸ਼ ਵਿਚ ਵਸਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਵੇ। ਦੀਵਾਨ ਅਹੁਦੇਦਾਰਾਂ ਨੇ ਭਾਰਤ ਸਰਕਾਰ ਨੂੰ ਇਸ ਮਾਮਲੇ ਨੂੰ ਸੰਜੀਦਗੀ ਨਾਲ ਲੈਂਦਿਆਂ ਪਾਕਿ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਅਜਿਹੇ ਮੰਦਭਾਗੀ ਵਰਤਾਰੇ ਨੂੰ ਰੋਕਣ, ਉਥੋਂ ਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਜਿਹਾ ਘਿਨੋਣਾ ਕਾਰਨਾਮਾ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਤੋ ਸਖ਼ਤ ਸਜਾ ਦੇਣ ਲਈ ਦਬਾਅ ਬਣਾਉਣ ਦੀ ਅਪੀਲ ਕੀਤੀ। ਉਹਨਾਂ ਪਾਕਿ ਦੇ ਸਿੱਖ ਆਗੂਆਂ, ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜੱਥੇਬੰਦੀਆਂ ਵਲੋਂ ਇਕ ਇੱਕਜੁਟ ਹੋ ਕੇ ਸਿੱਖਾਂ ਤੇ ਹੁੰਦੇ ਹਮਲੇ ਅਤੇ ਅਤਿਆਚਾਰ ਰੋਕਣ ਲਈ ਅਤੇ ਪਾਕਿ ਦੇ ਸਿੱਖਾਂ ਲਈ ਸੁਰੱਖਿਅਤ ਮਾਹੋਲ ਬਣਾਉਣ ਹਿੱਤ ਉਥੋ ਦੀਆਂ ਸਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਨ ਦੀ ਲੋੜ੍ਹ ਤੇ ਵੀ ਜ਼ੋਰ ਦਿੱਤਾ।





## ਦੀਵਾਨ ਵਲੋਂ ਲਗਾਇਆ ਟੀਚਰ ਟ੍ਰੇਨਿੰਗ ਪ੍ਰੋਗਰਾਮ ਨੂੰ ਮਿਲਿਆ ਭਰਵਾਂ ਹੁੰਗਾਰਾ

ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਇਰੈਕਟੋਰੇਟ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ ਦੀ ਨਿਗਰਾਨੀ ਹੇਠ 3 ਜੁਲਾਈ ਤੋ 7 ਜੁਲਾਈ ਤੱਕ ਵੱਖ-ਵੱਖ ਸੀ.ਕੇ.ਡੀ ਸਕੂਲਾਂ ਵਿਚ ਚਲਾਏ ਜਾ ਰਹੇ ਟੀਚਰ ਟ੍ਰੇਨਿੰਗ ਪ੍ਰੋਗਰਾਮਾਂ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ ਪਬਲਿਕ ਸਕੂਲ ਜੀ.ਟੀ.ਰੋਡ ਵਿਖੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਪੜਾਉਣ ਵਾਲੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਲਈ ਦੋ ਰੋਜਾ ਸਿਖਲਾਈ ਸੈਮੀਨਾਰ ਕਰਵਾਏ ਗਏ। ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਦੀ ਦੇਖ-ਰੇਖ ਹੇਠ ਵੱਖ-ਵੱਖ ਕਲਾਸ ਰੂਮਜ਼ ਵਿਚ ਚੱਲ ਰਹੇ ਇਹਨਾਂ ਸੈਮੀਨਾਰਾਂ ਦੌਰਾਨ ਅੰਗ੍ਰੇਜ਼ੀ, ਪੰਜਾਬੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਹਿੰਦੀ, ਭੋਤਿਕ ਵਿਗਿਆਨ, ਰਸਾਇਣਕ ਵਿਗਿਆਨ, ਜੀਵ ਵਿਗਿਆਨ, ਅਕਾਊਂਟਸ, ਬਿਜ਼ਨੈਸ ਸਟੱਡੀਜ਼, ਫੂਡ ਪ੍ਰੋਡਕਸ਼ਨਜ਼, ਪੇਟਿੰਗ, ਡਾਂਸ, ਸਰੀਰਕ ਸਿੱਖਿਆ, ਅਰਥ ਸ਼ਾਸਤਰ, ਇਤਿਹਾਸ, ਇਨਫਰਮੇਸ਼ਨ ਪ੍ਰੈਕਟਿਸ, ਸੰਗੀਤ ਆਦਿ ਵੱਖ-ਵੱਖ ਵਿਸ਼ਿਆਂ ਦੀ ਅਧਿਆਪਨ ਸ਼ੈਲੀ ਨੂੰ ਸੁਧਾਰਨ ਦੇ ਤਰੀਕਿਆਂ ਦੇ ਨਾਲ ਨਾਲ ਮੁਲਅੰਕਣ ਵਿਧੀਆਂ, ਅਧਿਆਪਨ ਸਹਾਇਕ ਸਮਗਰੀ ਅਤੇ ਨਵੀਨ ਟੈਕਨਾਲੋਜੀ ਅਨੁਸਾਰ ਅਧਿਆਪਨ ਦੀਆਂ ਆਧੁਨਿਕ ਵਿਧੀਆਂ, ਪਾਠਕ੍ਰਮ , ਪ੍ਰਸ਼ਨ ਪੱਤਰਾਂ ਸੰਬੰਧੀ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ ਅਤੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਵੱਲੋਂ ਅਧਿਆਪਨ ਸਮੇਂ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਸਮਾਧਾਨ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਜੋ ਕਿ ਸਕੂਲ ਮੈਂਬਰਜ਼ ਇੰਚਾਰਜ ਵੀ ਹਨ, ਦੀਵਾਨ ਮੈਂਬਰ ਸ੍ਰ.ਗੁਰਪ੍ਰੀਤ ਸਿੰਘ ਸੇਠੀ, ਡਾਇਰੈਕਟਰ ਓਪਰੇਸ਼ਨਜ਼ ਡਾ.ਏ.ਪੀ.ਐਸ ਚਾਵਲਾ ਅਤੇ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਵੱਲੋਂ ਵੱਖ-ਵੱਖ ਕਲਾਸ ਰੂਮਜ਼ ਵਿਚ ਚੱਲ ਰਹੇ ਟੀਚਰ ਟ੍ਰੇਨਿੰਗ ਪ੍ਰੋਗਰਾਮਾਂ ਦਾ ਨਿਰੀਖਣ ਵੀ ਕੀਤਾ ਗਿਆ ਅਤੇ ਆਸ ਕੀਤੀ ਗਈ ਕਿ ਡਾਇਰੈਕਟੋਰੇਟ ਐਜੂਕੇਸ਼ਨ ਵੱਲੋਂ ਕੀਤਾ ਗਿਆ ਇਹ ਉਪਰਾਲਾ ਦੀਵਾਨ ਦੇ ਵਿਦਿਅਕ ਅਦਾਰਿਆਂ ਦੀ ਸਿੱਖਿਆ ਵਿਵਸਥਾ ਸੁਧਾਰਨ ਵਿਚ ਅਹਿਮ ਭੂਮਿਕਾ ਨਿਭਾਵੇਗਾ ਜਿਸ ਦਾ ਸਿੱਧੇ ਤੌਰ ਤੇ ਸੀ.ਕੇ.ਡੀ ਵਿਦਿਆਰਥੀਆਂ ਨੂੰ ਭਰਪੂਰ ਫਾਇਦਾ ਮਿਲੇਗਾ।



## ਦੀਵਾਨ ਵੱਲੋਂ ਬਾਲਾ ਪ੍ਰੀਤਮ ਦਾ ਪ੍ਰਕਾਸ਼ ਪੁਰਬ 16 ਜੁਲਾਈ ਨੂੰ ਕੀਰਤਨ ਦਰਬਾਰ ਵਿਚ ਪੰਥ ਦੇ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਕਰਨਗੇ।

ਗਿਆਨ ਦੀ ਛੜੀ ਨਾਲ ਵਿਦਿਆ ਦਾ ਦਾਨ ਬਖਸ਼ਣ ਵਾਲੇ ਬਾਲਾ ਪ੍ਰੀਤਮ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ਪੁਰਬ ਸਿੱਖ ਜਗਤ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਸਮੂਹ ਅਦਾਰਿਆਂ ਵਲੋ 16 ਜੁਲਾਈ 2023 ਦਿਨ ਐਤਵਾਰ ਨੂੰ ਸ਼ਾਮ 5:00 ਵਜੇ ਤੋਂ ਰਾਤ 10:30 ਵਜੇ ਤੱਕ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਨ ਦੀਵਾਨ ਦੇ ਪ੍ਰਮੁੱਖ ਸਕੂਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ, ਜੀ.ਟੀ.ਰੋਡ, ਵਿਖੇ ਇਕ ਵਿਸ਼ਾਲ ਅਲੌਕਿਕ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਵਲੋਂ ਗੌਰਵਮਈ ਸਿੱਖ ਵਿਰਸੇ ਅਤੇ ਪਰੰਪਰਾਵਾਂ ਨੂੰ ਸੁਰਜੀਤ ਰੱਖਣ ਲਈ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਿਹਾੜੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾਂਦੇ ਹਨ ਅਤੇ ਅਜਿਹੇ ਉਪਰਾਲਿਆਂ ਨਾਲ ਸਿੱਖ ਵਿਰਸੇ ਤੋਂ ਦੂਰ ਹੁੰਦੀ ਜਾ ਰਹੀ ਨਵੀਂ ਪਨੀਰੀ ਨੂੰ ਸਿੱਖੀ ਜੀਵਨ-ਜਾਚ ਨਾਲ ਜੋੜਨ ਦੇ ਯਤਨ ਕੀਤੇ ਜਾਂਦੇ ਹਨ। ਏਸੇ ਲਈ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਅਲੌਕਿਕ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸ਼ਗੜ੍ਹ ਸਾਹਿਬ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਐਡੀਸ਼ਨਲ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਜੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ, ਦਮਦਮੀ ਟਕਸਾਲ ਦੇ ਮੁੱਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁੱਖੀ ਕਾਰ ਸੇਵਾ ਖਡੂਰ ਸਾਹਿਬ ਵਾਲੇ ਸੰਤ ਬਾਬਾ ਸੇਵਾ ਸਿੰਘ ਜੀ, ਮੁੱਖ ਸੇਵਾਦਾਰ ਭੂਰੀ ਸੰਪਰਦਾ ਬਾਬਾ ਕਸ਼ਮੀਰ ਸਿੰਘ ਜੀ ਵਿਸ਼ੇਸ਼ ਤੌਰ ਤੇ ਪੁੱਜਣਗੇ। ਜਿਸਨੂੰ ਇਸ ਸ਼ੁਭ ਅਵਸਰ ਤੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਪੁੱਜੀਆਂ ਉੱਘੀਆਂ ਧਾਰਮਿਕ ਅਤੇ ਸਮਾਜਿਕ ਸਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ।



ਇਸ ਕੀਰਤਨ ਦਰਬਾਰ ਵਿਚ ਉੱਘੇ ਰਾਗੀ ਜੱਥੇ ਭਾਈ ਗੁਰਇਕਬਾਲ ਸਿੰਘ, ਭਾਈ ਹਰਜੋਤ ਸਿੰਘ ਜਖਮੀ, ਭਾਈ ਬਲਵਿੰਦਰ ਸਿੰਘ ਜੀ ਰੰਗੀਲਾ, ਬੀਬੀ ਪ੍ਰਭਜੋਤ ਕੌਰ, ਭਾਈ ਰਜਿੰਦਰ ਸਿੰਘ ਜਾਪ, ਭਾਈ ਅਜੀਤ ਸਿੰਘ ਜੀ (ਸੁਖਮਨੀ ਸੇਵਾ ਸੁਸਾਇਟੀ) ਵਾਲੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਸੰਬੰਧੀ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ ਅਤੇ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਜਾਣਕਾਰੀ ਸਾਂਝੀ ਕੀਤੀ ਕਿ ਇਸ ਕੀਰਤਨ ਦਰਬਾਰ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੁੰਦੀਆਂ ਹਨ ਜਿਸ ਕਰਕੇ ਬਰਸਾਤ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਵਾਟਰ ਪਰੂਫ ਪੰਡਾਲ ਵਿਚ ਸੰਗਤਾਂ ਦੀ ਸਹੂਲਤ ਲਈ ਏ.ਸੀ ਵੀ ਲਗਾਏ ਜਾ ਰਹੇ ਹਨ। ਉਹਨਾਂ ਨੇ ਦੱਸਿਆ ਕਿ ਇਸ ਅਵਸਰ ਤੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਇਸ ਗੁਰਮਤਿ ਸਮਾਗਮ ਦਾ ਸਿੱਧਾ ਪ੍ਰਸਾਰਨ ਫਾਸਟ-ਵੇ ਕੇਬਲ ਵੱਲੋ ਚੈਨਲ ਨੰਬਰ 998 ਤੇ ਕੀਤਾ ਜਾ ਰਿਹਾ ਹੈ ਅਤੇ ਲੰਗਰ ਦੌਰਾਨ ਜੂਠੇ ਪੱਤਲਾ ਦੀ ਸੇਵਾ ਏਕਜੋਤ ਲੰਗਰ ਸੁਸਾਇਟੀ ਵੱਲੋਂ ਕਰਵਾਈ ਜਾਵੇਗੀ।





## ਜੀਵਨ ਬਿਉਰਾ:
## ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਇਲਾਕੇ ਸੁਲਤਾਨਵਿੰਡ ਪਤੀ ਮਨਸੂਰ ਦੀ ਵਿਚ ਰਹਿੰਦੇ ਸ੍ਰ.ਬਚਨ ਸਿੰਘ ਤੇ ਸਰਦਾਰਨੀ ਸਵਿੰਦਰ ਕੌਰ ਦੇ ਬਗੀਚੇ ਵਿਚ 29-03-1970 ਨੂੰ ਬਾਲ ਰੂਪ ਵਿਚ ਗਿਆਨੀ ਰਘੁਬੀਰ ਸਿੰਘ ਜੀ ਨਾਮ ਦਾ ਸੁਗੰਧਤ ਫੁੱਲ ਖਿੜਿਆ। ਗਿਆਨੀ ਰਘੁਬੀਰ ਸਿੰਘ ਜੀ ਨੇ 19 ਸਾਲ ਦੀ ਉਮਰ ਵਿਚ ਸਾਲ 1989 ਨੂੰ ਬਤੌਰ ਅਖੰਡ ਪਾਠੀ ਆਪਣਾ ਕਿਰਤੀ-ਜੀਵਨ ਆਰੰਭ ਕੀਤਾ ਅਤੇ ਉਹ ਸਾਲ 1992 ਵਿਚ ਗ੍ਰੰਥੀ ਸਿੰਘ ਬਣਨ ਉਪਰੰਤ ਵੱਖ-ਵੱਖ ਸਥਾਨਾਂ ਤੇ ਇਹ ਸੇਵਾ ਨਿਭਾਉਂਦੇ ਰਹੇ। ਆਪ ਜੀ ਨੇ 1995 ਤੋ 21 ਅਪ੍ਰੈਲ 2014 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰੇ ਵਜੋਂ ਸੇਵਾ ਨਿਭਾਈ ਅਤੇ ਫਿਰ ਇਸੇ ਮਿਤੀ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਬਤੌਰ ਗ੍ਰੰਥੀ ਸਿੰਘ ਵਜੋ ਸੇਵਾ ਆਰੰਭ ਕੀਤੀ।

ਤੱਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮਲ ਸਿੰਘ ਜੀ ਦੇ ਸੱਚ-ਖੰਡ ਪਿਆਨਾ ਕਰਨ ਦੇ ਨਮਿਤ ਮਿਤੀ 24-08-2017 ਨੂੰ ਹੋਏ ਸ਼ਰਧਾਂਜਲੀ ਸਮਾਗਮ ਸਮੇਂ ਸਮਕਾਲ ਦੀ ਪ੍ਰਧਾਨ ਸ੍ਰੋਮਣੀ ਕਮੇਟੀ ਬੀਬੀ ਜਗੀਰ ਕੌਰ ਨੇ ਆਪਣੇ ਸ਼ਰਧਾਂਜਲੀ ਭਾਸ਼ਣ ਸਮੇਂ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜੀ ਨੂੰ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ।

ਕੁੱਝ ਸਮਾਂ ਪਹਿਲਾਂ ਹੀ ਆਪ ਜੀ ਨੇ ਮੁੜ ਕੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸਿੰਘ ਵਜੋਂ ਸੇਵਾ ਆਰੰਭ ਕੀਤੀ ਸੀ। ਹੁਣ ਸਿੰਘ ਸਾਹਿਬ ਗਿ:ਰਘੁਬੀਰ ਸਿੰਘ ਜੀ ਨੂੰ ਸਿੱਖ ਕੌਮ ਵਿਚ ਪ੍ਰਵਾਨਤ **ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਜੀ ਦੀ** ਸਰਵਉਚ ਸਨਮਾਨਤ ਪੱਦਵੀ ਤੇ ਸਥਾਪਤ ਹੋ ਕੇ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ।

ਸਿੰਘ ਸਾਹਿਬ ਜਥੇਦਾਰ ਰਘੁਬੀਰ ਸਿੰਘ ਜੀ ਦੀ ਸ਼ਾਦੀ ਸਰਦਾਰਨੀ ਹਰਪ੍ਰੀਤ ਕੌਰ ਨਾਲ ਹੋਈ। ਆਪ ਜੀ ਦਾ ਬੇਟਾ ਸ੍ਰ.ਮੋਹਦੀਪ ਸਿੰਘ ਇੰਗਲੈਂਡ ਵਿਚ ਆਪਣਾ ਕਾਰੋਬਾਰ ਕਰਦਾ ਹੈ। ਆਪ ਜੀ ਦੀਆਂ ਦੋ ਬੇਟੀਆਂ ਬੀਬੀ ਤਸਵੀਰ ਕੌਰ ਅਤੇ ਬੀਬੀ ਕਰਮਜੀਤ ਕੌਰ ਸ਼ਾਦੀ ਸੁਦਾ ਹਨ। ਸੁਭਾ ਦੇ ਮਿਠਬੋਲੜੇ ਤੇ ਮਿਲਣਸਾਰ ਜਥੇਦਾਰ ਗਿਆਨੀ ਰਘੁਬੀਰ ਸਿੰਘ ਗੁਰਮਤਿ ਸਿਧਾਤਾਂ ਨੂੰ ਡੂੰਘਾਈ ਵਿਚ ਸਮਝ ਰੱਖਣ ਵਾਲੇ ਅਤੇ ਬਹੁਤ ਵਧੀਆ ਬੁਲਾਰੇ ਹਨ।





## ਜੀਵਨ ਬਿਉਰਾ:
## ਸਿੰਘ ਸਾਹਿਬ ਜਥੇਦਾਰ ਗਿਆਨੀ ਸੁਲਤਾਨ ਸਿੰਘ ਜੀ

ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਗੁਰਪੁਰਵਾਸੀ ਪਿਤਾ ਜਮੀਨਦਾਰ ਸ੍ਰ.ਰਤਨ ਸਿੰਘ ਅਤੇ ਮਾਤਾ ਗੁਰਮੀਤ ਕੌਰ ਜੀ ਦੇ ਘਰ ਰਾਜਸਥਾਨ ਦੇ ਪਿੰਡ ਅਰਨੇਬਾ ਵਿਚ 19-8-1982 ਨੂੰ ਪੈਦਾ ਹੋਏ ਪਰ ਸਾਲ 1984 ਦੇ ਦੰਗਿਆਂ ਕਾਰਨ ਸਾਰਾ ਪਰਿਵਾਰ ਅੰਮ੍ਰਿਤਸਰ ਆ ਕੇ ਪਿੰਡ ਗੁਰਵਾਲੀ ਵਿਖੇ ਰਹਿਣ ਲਗ ਪਿਆ। ਸਾਲ 2007 ਵਿਚ ਗਿਆਨ ਆਸ਼ਰਮ ਸਕੂਲ ਅੰਮ੍ਰਿਤਸਰ ਤੋ ਬਾਰਵੀਂ ਪਾਸ ਕਰਨ ਉਪਰੰਤ ਆਪ ਜੀ ਨੇ ਸਾਲ 2008 ਤੇ ਬਤੌਰ ਗ੍ਰੰਥੀ ਸਿੰਘ ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋ ਸੇਵਾ-ਕਾਰਜ ਆਰੰਭ ਕੀਤਾ ਉਪਰੰਤ ਅੰਮ੍ਰਿਤਸਰ ਵਿਚ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ, ਗੁਰਦੁਆਰਾ ਟੋਭਾ ਭਾਈ ਸਾਲੋ, ਗੁਰਦੁਆਰਾ ਬੀਬੀ ਕੌਲਾਂ ਜੀ, ਗੁਰਦੁਆਰਾ ਬਾਬਾ ਬੋਤਾ ਸਿੰਘ ਗਰਜਾ ਸਿੰਘ, ਗੁਰਦੁਆਰਾ ਲਾਚੀ ਬੇਰ ਆਦਿ ਸਥਾਨਾਂ ਤੇ ਸੇਵਾ ਕੀਤੀ। 3 ਸਾਲ ਸ੍ਰੀ ਅਕਾਲ ਤੱਖਤ ਸਾਹਿਬ ਵਿਖੇ ਪੰਜ ਪਿਆਰੇ ਵਜੋਂ ਸੇਵਾ ਕਰਨ ਉਪਰੰਤ ਆਪ ਜੀ ਨੇ ਸਾਲ 2014 ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਬਤੋਰ ਮੁੱਖ ਅਰਦਾਸੀਏ ਵਜੋਂ ਸੇਵਾ ਨਿਭਾਉਂਦਿਆਂ ਸਾਲ 2021 ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਦੀ ਪੱਦਵੀ ਤੇ ਸੁਸੋਬਤ ਕੀਤਾ ਗਿਆ। ਹੁਣ ਆਪ ਜੀ ਨੂੰ ਮਾਣ ਮਤੀ ਸੇਵਾ ਬਤੌਰ ਕਾਰਜਕਾਰੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪ੍ਰਾਪਤ ਹੋਈ ਹੈ। ਇਸ ਤਰ੍ਹਾਂ ਸਿੰਘ ਸਾਹਿਬ ਜਥੇਦਾਰ ਸੁਲਤਾਨ ਸਿੰਘ ਜੀ ਕੇਵਲ ਨਾਮ ਦੇ ਹੀ ਨਹੀਂ ਸੱਚ ਮੁਚ ਦੇ ਸੁਲਤਾਨ ਬਣ ਗਏ ਹਨ। ਮਿਠਬੋਲੜੇ ਸੁਭਾਅ, ਗੂੰਜਵੀਂ ਭਰਵੀ ਅਵਾਜ਼ ਅਤੇ ਬਾਣੀ ਦਾ ਸ਼ੁਧ ਉਚਾਰਨ ਕਰਨ ਦੀ ਆਪ ਜੀ ਨੂੰ ਅਲਾਹੀ ਬਖਸ਼ਿਸ਼ ਹੈ।

Regd-RNI-64/57 ISSN - 2454-6488 Postal No. L-I/PB-ASR/0220/2022-2024

ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-07-2023 ਨੂੰ ਜਾਰੀ ਕੀਤਾ।